# ਮਾਨੈ ਹੁਕਮੁ ਸੋਹੈ ਦਰਿ ਸਾਚੈ...

**ੴ ਸਤਿਗੁਰ ਪ੍ਰਸਾਦਿ ॥**

ਸਰਬ-ਸ਼ਕਤੀਮਾਨ ਪਿਤਾ ਅਕਾਲ ਪੁਰਖ ਨੇ "**ਕੀਤਾ ਪਸਾਉ, ਏਕੋ ਕਵਾਉ॥**" ਰਾਹੀਂ ਨਿਰਗੁਣ ਤੋਂ ਸਰਗੁਣ ਰੂਪ ਧਾਰਿਆ ਤੇ ਬਸ ਇਸੇ ਤਰ੍ਹਾਂ ਹੁਕਮ ਦੀ ਕਿਰਿਆ ਹੋਂਦ ਵਿੱਚ ਆ ਗਈ ।

ਜੇ ਸ਼ਬਦ-ਕੋਸ਼ (ਡਿਕਸ਼ਨਰੀ) ਵਿੱਚੋਂ ਹੁਕਮ ਸ਼ਬਦ ਦੇ ਅਰਥ ਨੂੰ ਸਮਝੀਏ ਤਾਂ ਉਹ ਆਗਿਆ, ਆਦੇਸ਼, ਫੁਰਮਾਣ ਜਾਂ ਰਜ਼ਾ ਦੇ ਰੂਪ ਵਿੱਚ ਪ੍ਰਗਟ ਹੁੰਦੇ ਹਨ । ਸੋ ਸ਼ਬਦ-ਕੋਸ਼ ਦੇ ਆਧਾਰ 'ਤੇ ਵੀ ਹੁਕਮ ਦੇ ਅਰਥ, ਅਕਾਲ-ਪੁਰਖ ਦੇ ਸਰਬ-ਸ੍ਰੇਸ਼ਟ ਫੁਰਮਾਣ ਹੀ ਹਨ, ਜਿਨ੍ਹਾਂ ਨੂੰ ਵੇਖ, ਸੁਣ ਕੇ ਅਸੀਂ ਅਸਚਰਜ ਤਾਂ ਹੋ ਸਕਦੇ ਹਾਂ, ਪਰ "**ਹੁਕਮੁ ਨ ਕਹਿਆ ਜਾਈ ॥**" ਅਨੁਸਾਰ ਪ੍ਰਭੂ ਦਾ ਇਹ ਹੁਕਮ ਮਨੁੱਖੀ ਬਿਆਨ ਤੋਂ ਬਾਹਰ ਦੀ ਗੱਲ ਹੈ । ਹੀਲ ਹੁਜਤ ਨਾਲ ਮਨੁੱਖ ਉਸ ਅਸੀਮ ਸ਼ਕਤੀ ਦੀ ਕਿਰਪਾ ਦਾ ਪਾਤਰ ਨਹੀਂ ਬਣ ਸਕਦਾ ਸਗੋਂ "**ਤਾ ਕਉ ਕੀਜੈ ਸਦ ਨਮਸਕਾਰਾ ॥**" ਰਾਹੀਂ ਇਲਾਹੀ ਹੁਕਮ ਅੱਗੇ ਝੁਕ ਜਾਣਾ ਹੀ ਸ਼ੋਭਨੀਕ ਹੈ । ਇਹ ਝੁਕਣਾ ਬੱਧਾ ਚੱਟੀ ਨਹੀਂ ਸਗੋਂ ਆਪਣੇ ਪਰਮ ਪਿਤਾ ਪਰਮਾਤਮਾ ਜਾਂ ਗੁਰੂ ਦੀ ਕਦਮ ਬੋਸ਼ੀ ਕਰਨ ਜਾਂ ਆਪਣਾ ਸਤਿਕਾਰ ਵਿਅਕਤ ਕਰਨ ਦੀ ਮਨਮੋਹਕ ਇੱਛਾ ਦਾ ਦਿਲੋਂ ਉਮਡਿਆ ਉਮਾਹ ਹੈ ਜੋ ਅਨੰਦਾਯਕ ਤੇ ਸੁਖਦਾਈ ਹੈ । ਹੁਕਮ ਨੂੰ ਬਿਨਾਂ ਹੀਲ ਹੁਜਤ ਕੀਤਿਆਂ ਪ੍ਰਵਾਨ ਕਰਨਾ ਉਸ ਦੇ ਉੱਚੇ-ਸੁੱਚੇ ਨਾਮ ਵਿੱਚ ਲੀਨ ਹੋਣ ਦੀ ਅਮਲੀ ਕਿਰਿਆ ਹੈ ।

"**ਹੁਕਮੁ ਤੇਰਾ ਖਰਾ ਭਾਰਾ ਗੁਰਮੁਖਿ ਕਿਸੈ ਬੁਝਾਏ ॥**" (**ਅੰਗ ੪੪੨**) ਅਨੁਸਾਰ ਇਹ ਹੈ ਬੜੀ ਔਖੀ ਖੇਡ, ਪਰ "**ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥**" (**ਅੰਗ ੭੨**) ਰਾਹੀਂ ਉਸ ਦੇ ਪਿਆਰਿਆਂ ਲਈ ਇਹ ਖੇਡ ਸੁਗਮ (ਸੁਖਾਲੀ) ਹੋ ਜਾਂਦੀ ਹੈ । ਮਨੁੱਖ ਇਸ ਮਾਇਆ ਜਾਲ ਵਿੱਚ ਫਸ ਕੇ ਭਟਕ ਨਾ ਜਾਏ, ਉਸ ਨੂੰ ਸੁਚੇਤ ਕਰਨ ਲਈ ਫੁਰਮਾਣ ਹੈ :

**"ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ ॥**
**ਖੋਟੇ ਠਵਰ ਨ ਪਾਇਨੀ ਰਲੇ ਜੂਠਾਨੈ ॥"**

**(ਮ: ੧, ਅੰਗ ੪੨੧)**

ਗੁਰੂ ਅੰਗਦ ਦੇਵ ਜੀ ਅਨੁਸਾਰ ਅੰਨ੍ਹਾ ਵਿਅਕਤੀ ਉਹ ਨਹੀਂ ਜੋ ਨੇਤਰਹੀਣ ਹੈ, ਬਲਕਿ ਅੰਧਾ ਉਹ ਹੈ ਜੋ ਅਕਾਲ-ਪੁਰਖ, ਗੁਰੂ ਦੇ ਹੁਕਮ ਦੀ ਪਛਾਣ ਨਹੀਂ ਕਰਦਾ । ਗੁਰੂ ਫ਼ੁਰਮਾਨ ਹੈ:

**"ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ ॥**
**ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ ॥**

**(ਮ: ੨, ਅੰਗ ੯੫੪)**

ਤੀਜੇ ਪਾਤਸ਼ਾਹ ਜੀ ਨੇ

**"ਹੁਕਮੁ ਮੰਨੇ ਸੋ ਜਨੁ ਪਰਵਾਣੁ ॥**
**ਗੁਰ ਕੈ ਸਬਦਿ ਨਾਮਿ ਨੀਸਾਣੁ ॥"**

**(ਮ: ੩, ਅੰਗ ੧੧੭੫)**

ਦਾ ਸਿਧਾਂਤ ਬਖ਼ਸ਼ਿਆ ਹੈ । ਗੁਰੂ ਰਾਮ ਦਾਸ ਜੀ ਨੇ ਮਨ ਰੂਪੀ ਥੜੇ ਦੀ ਤਿਆਰੀ ਕਰਕੇ ਗੁਰੂ ਨੂੰ ਸ਼ੁਸ਼ੋਭਤ ਕਰ ਲਿਆ "**ਸੋ ਥਾਨ ਸੁਹਾਵਾ...॥**" ਹੋ ਗਿਆ; ਹੁਕਮ ਮੰਨਣ ਦੀ ਤਾਗੀਦ ਕਰਦਿਆਂ—

**"ਹਮਰੈ ਮਸਤਕਿ ਦਾਗੁ ਦਗਾਨਾ ਹਮ ਕਰਜ ਗੁਰੂ ਬਹੁ ਸਾਢੇ ॥"**

**(ਮ: ੪, ਅੰਗ ੧੭੧)**

ਰਾਹੀਂ ਮਨੁੱਖਤਾ ਨੂੰ ਝੰਜੋੜਿਆ । ਗੁਰੂ ਅਰਜਨ ਦੇਵ ਜੀ ਨੇ ਫ਼ੁਰਮਾਇਆ ਕਿ ਧਰਮੀ ਮਨੁੱਖ ਦੀ ਨਿਸ਼ਾਨੀ ਇਹ ਨਹੀਂ ਕਿ ਉਹ ਰੱਬ ਨੂੰ ਅੱਲਾ, ਖ਼ੁਦਾ,

ਰਾਮ, ਵਾਹਿਗੁਰੂ ਕਹਿ ਕੇ ਚੇਤੇ ਕਰਦਾ ਹੈ, ਹਜ ਜਾਂ ਯਾਤ੍ਰਾ ਕਰਦਾ ਹੈ, ਕੱਪੜੇ ਨੀਲੇ ਜਾਂ ਚਿੱਟੇ ਪਹਿਨਦਾ ਹੈ, ਬਲਕਿ ਉਸ ਦੇ ਜੀਵਨ ਦੀ ਕਸਵੱਟੀ—

**"ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥**
**ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥"**

**(ਮ: ੫, ਅੰਗ ੮੮੫)**

ਹੀ ਹੈ । ਇਹ ਹੁਕਮ ਮੰਨਣ ਦਾ ਸਿਧਾਂਤ ਦਸਮ-ਪਾਤਸ਼ਾਹ ਜੀ ਤਕ ਲੋਕਾਈ ਨੂੰ ਸਿਖਾਇਆ ਗਿਆ ਤੇ ਸਿੱਖ ਪ੍ਰਤੀ ਹੁਕਮ ਕੀਤਾ—

**"ਰਹਿਣੀ ਰਹੈ ਸੋਈ ਸਿੱਖ ਮੇਰਾ ।**
**ਉਹ ਸਾਹਿਬ ਮੈ ਉਸ ਕਾ ਚੇਰਾ ।"**

ਜੇ ਸਿੱਖ ਇਤਿਹਾਸ ਵਿੱਚ ਨਜ਼ਰ ਮਾਰੀਏ ਤਾਂ ਅਜਿਹੀਆਂ ਸ਼ਾਨਦਾਰ ਮਿਸਾਲਾਂ ਹਰ ਪੰਨੇ 'ਤੇ ਮਿਲ ਸਕਦੀਆਂ ਹਨ ਜਿੱਥੇ ਗੁਰਸਿੱਖ ਸੂਰਬੀਰਾਂ, ਯੋਧਿਆਂ, ਬੀਬੀਆਂ ਤੇ ਬੱਚਿਆਂ ਨੇ ਹਰ ਪ੍ਰਕਾਰ ਦੇ ਤਸੀਹੇ ਖੁਸ਼ੀ-ਖੁਸ਼ੀ ਝੱਲ ਕੇ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਿਆਂ, ਜਿਨ੍ਹਾਂ 'ਤੇ ਹਰੇਕ ਯੁੱਗ ਵਿੱਚ ਹਰ ਕੋਈ ਮਾਣ ਕਰਦਾ ਹੈ ਤੇ ਕਰਦਾ ਰਹੇਗਾ । ਅਕਾਲ ਪੁਰਖ ਦੀ ਰਜ਼ਾ ਨੂੰ ਇਲਾਹੀ ਫ਼ੁਰਮਾਨ ਸਮਝਦਿਆਂ ਹੋਇਆਂ, ਹੱਕ ਇਨਸਾਫ਼ ਖ਼ਾਤਰ ਚੜ੍ਹਦੀ ਕਲਾ ਵਿੱਚ ਵਿਚਰਦਾ ਹੋਇਆ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਕੇ ਵੀ ਮਾਨਵਤਾ ਵਿੱਚ ਨੇਕ ਕੀਮਤਾਂ ਕਦਰਾਂ ਨੂੰ ਬਲਵਾਨ ਬਣਾਉਣ ਵਿੱਚ ਪਿੱਛੇ ਨਹੀਂ ਹਟੇਗਾ ।

ਪਰ ਜਿਹੜਾ ਅਗਿਆਨੀ ਦੁਨੀਆਂ ਵਿੱਚ ਮਾਇਕ ਪ੍ਰਾਪਤੀਆਂ ਜਾਂ ਮਾਣ ਮਾਨਤਾਵਾਂ ਕਾਰਨ ਆਪਣੇ ਆਪ ਨੂੰ ਪਰਮ-ਸ੍ਰੇਸ਼ਟ ਸਮਝ ਕੇ ਰੱਬ ਜਾਂ ਗੁਰੂ ਦੇ ਮੁਕਾਬਲੇ ਆ ਖੜ੍ਹਾ ਹੁੰਦਾ ਹੈ ਉਹ ਭਟਕਣਾ ਵਿੱਚ ਪੈ ਕੇ ਕਿਸੇ ਪਾਸੇ ਤੋਂ ਢੋਈ ਪ੍ਰਾਪਤ ਨਹੀਂ ਕਰ ਸਕਦਾ, ਕਿਉਂਕਿ ਉਸ ਦੀ ਹਾਲਤ ਹੀ ਐਸੀ ਹੈ:

**"ਮਨਮੁਖੁ ਜੇ ਸਮਝਾਈਐ ਭੀ ਉਝੜਿ ਜਾਏ ॥**



**ਬਿਨੁ ਹਰਿ ਨਾਮ ਨ ਛੂਟਸੀ ਮਰਿ ਨਰਕ ਸਮਾਏ ॥"**

**(ਮ: ੧ ਅੰਗ ੪੨੦)**

ਆਮ ਮਨੁੱਖ ਤਾਂ ਕਿਤੇ ਰਿਹਾ ਜੇ ਕਿਸੇ ਗੁਰੂ ਵੰਸ਼ੀ ਸਾਹਿਬਜ਼ਾਦੇ ਨੇ ਅਭਿਮਾਨੀ ਬਿਰਤੀ ਵਿੱਚ ਹੁਕਮ ਦੀ ਉਲੰਘਣਾ ਕੀਤੀ ਹੈ ਤਾਂ ਉਹ ਗੁਰਮਤਿ ਦੇ ਮਾਰਗ ਵਿੱਚ ਪਰਵਾਨ ਨਹੀਂ ਕੀਤਾ ਗਿਆ । ਸਗੋਂ ਉਹ ਜ਼ਰੂਰ ਸੱਚੇ ਮਾਰਗ ਤੋਂ ਭਟਕ ਕੇ ਚੋਟਾਂ ਖਾਣ ਦਾ ਭਾਗੀ ਬਣਿਆ । ਭਾਈ ਗੁਰਦਾਸ ਜੀ ਨੇ ਕੁਝ ਕੁ ਜ਼ਿਕਰ ਵਾਰ ਨੰ. 26 ਦੀ ਪਉੜੀ ਨੰ.33 ਵਿੱਚ ਇਸ ਤਰ੍ਹਾਂ ਕੀਤਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੇ ਵੱਡੇ ਪੁੱਤਰ ਬਾਬਾ ਸਿਰੀਚੰਦ ਜੀ ਨੇ ਵਿਰਕਤ ਮਾਰਗ ਪਕੜ ਲਿਆ । ਰਾਵੀ ਕੰਢੇ ਬਾਬੇ ਨਾਨਕ ਦਾ ਦੇਹੁਰਾ ਬਣਾ ਕੇ ਬੈਠ ਗਏ । ਦੂਜੇ ਪੁੱਤਰ ਤੋਂ ਪੈਦਾ ਹੋਇ ਧਰਮ ਚੰਦ ਨੇ ਪੋਤਾ ਹੋਣ ਦਾ ਮਾਣ ਕਰਦਿਆਂ ਆਪਾ ਭਾਵ ਨਹੀਂ ਗੁਆਇਆ । ਦਾਸੂ ਨੂੰ ਗੋਇੰਦਵਾਲ ਸਾਹਿਬ ਮੰਜੀ 'ਤੇ ਬੈਠਾ ਦਿੱਤਾ ਤੇ ਦਾਤੂ ਜੀ ਸਿਧਾਸਨ ਲਾ ਬੈਠੇ ਭਾਵ ਦੋਵੇਂ ਪੁੱਤਰ ਗੱਦੀ ਲਾਇਕ ਨਾ ਹੋਇ । ਬਾਬਾ ਚਉਬਾਰੇ ਦੀ ਟਹਲ ਕਰਨ ਲੱਗਾ ਪਿਰਥੀਆ (ਮੀਣਾ) ਅਰਥਾਤ ਕਪਟੀ ਨਿਕਲਿਆ ਤੇ ਝੱਲਪੁਣੇ ਵਿੱਚ ਹੀ ਰਿਹਾ । ਮਹਾਂਦੇਉ ਨੇ ਵੀ ਹੰਕਾਰ ਹੀ ਕੀਤਾ, ਪ੍ਰਿਥੀਏ ਨੇ ਬੇਮੁੱਖ ਕਰ ਕੇ ਕੁੱਤੇ ਵਾਂਗ ਭਉਕਾਇਆ । ਇਹ ਸਾਰੇ ਸਾਹਿਬਜ਼ਾਦੇ ਅਭਿਮਾਨੀ ਹੋਣ ਕਰਕੇ ਗੁਰੂ ਰੂਪ ਚੰਦਨ ਕੋਲ ਬਾਂਸ ਦੀ ਤਰ੍ਹਾਂ ਹੀ ਰਹੇ ਜੋ ਕਠੋਰਤਾ ਕਾਰਨ ਸੁਗੰਧਤ ਨਹੀਂ ਹੋ ਸਕਦਾ । ਗੁਰੂ ਕਥਨ ਹੈ:

**"ਬਾਲ ਜਤੀ ਹੈ ਸਿਰੀਚੰਦੁ ਬਾਬਾਣਾ ਦੇਹੁਰਾ ਬਣਾਇਆ ।**
**ਲਖਮੀਦਾਸਹੁ ਧਰਮਚੰਦ ਪੋਤਾ ਹੁਇ ਕੈ ਆਪੁ ਗਣਾਇਆ ।**
**ਮੰਜੀ ਦਾਸੁ ਬਹਾਲਿਆ ਦਾਤਾ ਸਿਧਾਸਣ ਸਿਖਿ ਆਇਆ ।**
**ਮੋਹਣੁ ਕਮਲਾ ਹੋਇਆ ਚਉਬਾਰਾ ਮੋਹਰੀ ਮਨਾਇਆ ।**
**ਮੀਣਾ ਹੋਆ ਪਿਰਥੀਆ ਕਰਿ ਕਰਿ ਤੋਂਢਕ ਬਰਲੁ ਚਲਾਇਆ ।**

**ਮਹਾਦੇਉ ਅਹੰਮੇਉ ਕਰਿ ਕਰਿ ਬੇਮੁਖੁ ਪੁਤਾਂ ਭਉਕਾਇਆ।**
**ਚੰਦਨ ਵਾਸੁ ਨ ਵਾਸ ਬੋਹਾਇਆ ॥"**
**(ਭਾਈ ਗੁਰਦਾਸ ਜੀ ਦੀ ਵਾਰ ੨੬, ਪਉੜੀ ੩੩)**

ਇਸ ਲਈ ਦੁਨੀਆਂ ਦਾ ਕੋਈ ਮਨੁੱਖ ਹੋਵੇ—

**"ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥"**
**(ਮ: ੫, ਅੰਗ ੪੦੦)**

ਵਾਲੀ ਅਵਸਥਾ ਬਣੀ ਰਹਿੰਦੀ ਹੈ ਜਦੋਂ ਤਕ ਉਹ ਹੁਕਮ ਅਨੁਸਾਰੀ ਨਹੀਂ ਹੁੰਦਾ ; ਪਰ ਦੂਜੇ ਪਾਸੇ—

**"ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥"**
**(ਮ: ੫, ਅੰਗ ੪੦੦)**

ਦੀ ਵਡਿਆਈ ਕਲਗੀਧਰ ਦੇ ਲਾਲਾਂ (ਚਾਰੇ ਸਾਹਿਬਜ਼ਾਦਿਆਂ) ਨੂੰ ਅਤੇ ਮਾਤਾ ਗੁਜਰ ਕੌਰ (ਮਾਤਾ ਗੁਜਰੀ) ਨੂੰ ਪ੍ਰਾਪਤ ਹੋਈ ਹੈ ਜਿਨਾਂ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਸਮੂਹ ਨਾਨਕ ਨਾਮ ਲੇਵਾ ਨਤ ਮਸਤਕਿ ਹੋ ਮਨਾ ਚੁੱਕਾ ਹੈ, ਕਿਉਂਕਿ ਜਿੱਥੇ ਬਾਬਾ ਸਿਰੀਚੰਦ ਜੀ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਦੇ

**"ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ ॥"**
**(ਬਲਵੰਡ ਸਤਾ, ਅੰਗ ੯੬੭)**

ਆਦਿ ਬਚਨ ਹਨ ਉੱਥੇ ਚਾਰੇ ਸਾਹਿਬਜ਼ਾਦਿਆਂ ਨੇ

**"ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥"**
**(ਮ: ੩, ਅੰਗ ੬੦੧)**

ਦੇ ਵੱਡਮੁੱਲੇ ਸਿਧਾਂਤ ਨੂੰ ਕਮਾਇਆ।

ਅੱਲਾ ਯਾਰ ਖਾਂ ਦੇ ਕਹਿਣ ਅਨੁਸਾਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਛੱਡ ਕੇ ਔਕੜਾਂ ਦਾ ਸਾਹਮਣਾ ਕਰਦੇ ਚਮਕੌਰ ਸਾਹਿਬ ਨੇੜੇ ਪੁੱਜੇ ਤਾਂ ਕੱਚੀ ਗੜੀ ਨੂੰ ਵੇਖ ਕੇ ਇਸ ਤਰ੍ਹਾਂ ਉਤਸ਼ਾਹਿਤ



ਹੋਇ ਤੇ ਫ਼ੁਰਮਾਇਆ:

**"ਹਮ ਨੇ ਇਸ ਜਗਾ ਪ: ਜਾਨਾ ਹੈ ਜਲਦ ਤਰ।**
**ਜਿਸ ਜਗਹ ਤੁਮ ਕੋ ਅਪਨੇ ਕਟਾਨੇ ਪੜੇਂਗੇ ਸਰ।**
**ਹੋਂਗੇ ਸ਼ਹੀਦ ਲੜ ਕੇ ਯਿਹ ਬਾਕੀ ਕੇ ਦੋ ਪਿਸਰ।**
**ਰਹ ਜਾਊਂਗਾ ਅਕੇਲਾ ਮੈਂ ਕਲ ਤਕ ਲੁਟਾ ਕੇ ਘਰ।**
**ਪਹਿਲੇ ਪਿਤਾ ਕਟਾਯਾ ਅਬ ਬੱਚੇ ਕਟਾਊਂਗਾ,**
**ਨਾਨਕ ਕਾ ਬਾਗ਼, ਖ਼ੂਨਿ ਜਿਗਰ ਸੇ ਖਿਲਾਊਂਗਾ।"**

ਬਾਬਾ ਅਜੀਤ ਸਿੰਘ ਤੇ ਜੁਝਾਰ ਸਿੰਘ ਜੀ ਦੀ ਸ਼ਹਾਦਤ ਨੇ ਚਮਕੌਰ ਦੀ ਧਰਤੀ ਨੂੰ ਦੁਨੀਆਂ ਦੇ ਨਕਸ਼ੇ 'ਤੇ ਅਦੁੱਤੀ ਬਣਾ ਦਿੱਤਾ

**'ਚਮਕ ਹੈ ਮਿਹਰ ਕੀ ਚਮਕੌਰ ! ਤੇਰੇ ਜ਼ੱਰੋਂ ਮੇਂ।**
**ਯਹੀਂ ਸੇ ਬਨ ਕੇ ਸਤਾਰੇ ਗਏ ਸਮਾੱ ਕੇ ਲਿਯੇ।'**

ਦੂਜੇ ਪਾਸੇ ਪੋਹ ਮਹੀਨੇ ਦੀ ਠੰਢੀ ਕਾਲੀ ਬੋਲੀ ਰਾਤ, ਠੰਢਾ ਬੁਰਜ ਜਿੱਥੇ ਮਾਤਾ ਗੁਜਰ ਕੌਰ ਜੀ ਆਪਣੇ ਪੋਤਰਿਆਂ (ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ, ਉਮਰ 7 ਤੇ 9 ਸਾਲ) ਨੂੰ ਧਰਮ ਤੋਂ ਕੁਰਬਾਣ ਹੋਣ ਲਈ "ਪਿਉ ਦਾਦੇ ਦੇ ਰਾਹਿ ਚਲੰਦਾ..॥" (ਭਾ.ਗੁ.) ਦੀ ਸਿੱਖਿਆ ਦ੍ਰਿੜ੍ਹ ਕਰਵਾ ਰਹੀ ਹੈ, ਤਾਹੀਂ ਉਨ੍ਹਾਂ ਨੰਨ੍ਹੇ ਬੱਚਿਆਂ ਨੇ ਨੀਹਾਂ ਵਿੱਚ ਆਪਾ ਚਿਣਾ ਕੇ ਸਿੱਖੀ ਦੇ ਮਹਲ **"ਸਚੁ ਕੋਟੁ ਸਤਾਣੀ ਨੀਂਵ..॥"** ਨੂੰ ਹੋਰ ਬਲਵਾਨ ਕਰ ਦਿੱਤਾ; ਮਾਤਾ ਜੀ ਵੀ ਸ਼ਹੀਦੀ ਪਾ ਗਏ, ਮੁਗ਼ਲ ਹਕੂਮਤ ਦੀਆਂ ਨੀਹਾਂ ਪੁੱਟੀਆਂ ਗਈਆਂ। ਇਹ ਸ਼ਹੀਦੀ 1710 ਵਿੱਚ ਹੀ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਰੂਪ ਵਿੱਚ ਪੰਥ ਦਾ ਤਾਜ ਬਣ ਗਈ। ਮੁਗ਼ਲਾਂ ਦੀ ਰਾਜਧਾਨੀ **'ਜੋਗੀ ਜੀ ਇਸ ਕੇ ਬਅਦ ਹੁਈ ਥੋੜੀ ਦੇਰ ਥੀ। ਬਸਤੀ ਸਰਹੰਦ ਕੀ, ਈਂਟੋਂ ਕਾ ਢੇਰ ਥੀ।'** ਜਿਸ ਨੂੰ ਅੱਜ ਵੀ ਥੇਹ ਰੂਪ ਵਿੱਚ ਅੱਖੀਂ ਵੇਖ ਸਕਦੇ ਹਾਂ। ਜਿਹੜੇ ਗੁਰੂ ਸੰਤਾਨ ਹੋ ਕੇ ਵੀ **"ਦਿਲ ਖੋਟੇ ਆਕੀ ਫਿਰਨਿ ॥"** ਜਾਂ **"ਆਕੀ ਮਰਹਿ ਅਫਾਰੀ ॥"**

ਦੀ ਅਵਸਥਾ ਵਿੱਚ ਰਹੇ ਪੰਥ ਉਨ੍ਹਾਂ ਨੂੰ ਚੇਤੇ ਨਹੀਂ ਕਰਦਾ; ਪਰ ਸਾਡੀ ਪੰਥਕ ਅਰਦਾਸ ਅੰਦਰ ਗੁਰੂ ਸਾਹਿਬਾਨ ਤੇ ਪੰਜ ਪਿਆਰਿਆਂ ਤੋਂ ਬਾਅਦ ਜੇ ਕੋਈ ਜ਼ਿਕਰ ਹੈ ਉਹ ਚਾਰ ਸਾਹਿਬਜ਼ਾਦਿਆਂ ਦਾ ਹੈ, ਜਿਨ੍ਹਾਂ ਨੇ

**"ਪਿਤਾ ਜਾਤਿ ਤਾ ਹੋਈਐ ਗੁਰੁ ਤੁਠਾ ਕਰੇ ਪਸਾਉ ॥"**

**(ਮ: ੪, ਅੰਗ ੮੨)**

ਦੇ ਹੁਕਮ ਨੂੰ ਪਹਿਚਾਣਿਆ ਤੇ ਮੰਨਿਆਂ । ਸਰਬੰਸਦਾਨੀ ਪਿਤਾ ਦੀ ਇਸ ਕੁਰਬਾਨੀ ਨੇ ਪੰਥ ਨੂੰ ਐਸਾ ਬਲਵਾਨ ਕਰ ਦਿੱਤਾ ਕਿ ਪੰਥ ਅੱਜ ਤਕ ਕਿਸੇ ਜ਼ੁਲਮ ਅੱਗੇ ਨਹੀਂ ਝੁਕਿਆ । ਜਦੋਂ ਭਾਈ ਸੁਬੇਗ ਸਿੰਘ ਜੀ ਨੂੰ ਜ਼ਕਰੀਆ ਖਾਂ ਦੀ ਹਕੂਮਤ ਨੇ ਕਿਹਾ ਕਿ ਉਨ੍ਹਾਂ ਦੇ ਪੁੱਤਰ ਭਾਈ ਸ਼ਾਹਬਾਜ ਸਿੰਘ ਨੂੰ ਮੁਸਲਮਾਨ ਬਣਾ ਕੇ ਆਪਣੀ ਅੰਸ਼ ਬਚਾ ਸਕਦਾ ਹੈ ਤਾਂ ਕਲਗੀਧਰ ਜੀ ਵੱਲੋਂ ਦਿੱਤੀਆਂ ਕੁਰਬਾਨੀਆਂ ਸਦਕਾ ਸਿੱਖੀ ਸਿਦਕ ਨਿਭਾਂਦੇ ਹੋਇ ਹੱਸ ਹੱਸ ਚਰਖੜੀਆਂ 'ਤੇ ਚੜ੍ਹਨਾ ਕਬੂਲ ਹੈ, ਕੀਤਾ—

**'ਸਿਖਨ ਕਾਜ, ਸੋ ਗੁਰੂ ਹਮਾਰੇ ।**
**ਸੀਸ ਦੀਉ ਨਿਜ ਸਣ ਪਰਵਾਰੇ ।**
**ਹਮ ਕਾਰਨ ਗੁਰਿ ਕੁਲਹ ਗਵਾਈ ।**
**ਹਮ ਕੁਲ ਰਾਖਹਿ ਕਵਨ ਵਡਾਈ ।'**

(ਪੰਥ ਪ੍ਰਾ. ਭਾਈ ਰਤਨ ਸਿੰਘ ਭੰਗੂ)।

ਅੱਜ ਸਿੱਖ ਜਗਤ ਅੰਦਰ ਜਿਸ ਪੱਧਰ 'ਤੇ ਦੁਨਿਆਵੀ ਸਵਾਰਥਾਂ ਲਈ ਪਤਿੱਤਪੁਣੇ ਦੀ ਲਹਿਰ ਵਗ ਰਹੀ ਹੈ ਸ਼ਰਮ ਨਾਲ ਸਿਰ ਝੁਕਦਾ ਹੈ । ਸੋਚਦਾ ਹਾਂ ਸਤਿਗੁਰੂ ਨੇ ਇਨ੍ਹਾਂ 'ਤੇ ਮਾਣ ਕੀਤਾ ਸੀ ਕਿ—

**"ਇਨ ਪੁਤ੍ਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ ।**
**ਚਾਰ ਮੁਏ ਤੋ ਕਿਆ ਹੁਆ ਜੀਵਤ ਕਈ ਹਜ਼ਾਰ ।"**

ਅਸੀਂ ਪਾ. ਦੂਜੀ ਦੀ 500 ਸਾਲਾ, ਸ਼ਬਦ ਗੁਰੂ ਦੀ 400 ਸਾਲਾ ਸ਼ਤਾਬਦੀ ਵੀ ਮਨਾ ਚੁੱਕੇ ਹਾਂ ਤੇ ਇਸ ਸ਼ਹੀਦੀ ਸਾਕੇ ਦੀ 300 ਸਾਲਾ



ਸ਼ਤਾਬਦੀ ਵੀ ਮਨਾ ਚੁੱਕੇ ਹਾਂ ; ਪਰ ਇਹ ਸ਼ਤਾਬਦੀਆਂ ਕੇਵਲ ਰਸਮੀ ਨਾ ਰਹਿ ਜਾਣ ਕਿਤੇ **"ਆਕੀ ਮਰਹਿ ਅਫਾਰੀ ॥"** ਦਾ ਜੀਵਨ ਹੀ ਨਾ ਜਿਉਂਦੇ ਰਹੀਏ ਬਲਕਿ—

**"ਜਾਗਤ ਜੋਤਿ ਜਪੈ ਨਿਸ ਬਾਸਰੁ ਏਕ ਬਿਨਾ ਮਨਿ ਨੈਕ ਨ ਆਨੈ ॥"** ਨੂੰ ਸਮਝ ਕੇ **"ਪੂਰਨ ਜੋਤਿ ਜਗੈ ਘਟਿ ਮਹਿ ਤਬ ਖਾਲਸ ਤਾਹਿ ਨਖਾਲਸ ਜਾਨੈ ॥"** ਦੇ ਸਿਧਾਂਤ ਵਿੱਚ ਪਰਪੱਕ ਹੋ ਖਾਲਸਾਈ ਆਚਰਣ ਨੂੰ ਉਜਾਗਰ ਕਰੀਏ । ਫਿਰ ਖ਼ਾਲਸੇ ਦੀ ਜਾਂ ਸਿੱਖ ਜਗਤ ਦੀ ਸ਼ੋਭਾ ਵੀ ਸਾਹਿਬਜ਼ਾਦਿਆਂ ਦੀ ਤਰ੍ਹਾਂ ਹੀ ਚਮਕੇਗੀ ਕਿਉਂਕਿ

**"ਮੰਨੇ ਹੁਕਮੁ ਸੁ ਪਰਗਟੁ ਜਾਇ ॥ ਸਚੁ ਨੀਸਾਣੈ ਠਾਕ ਨ ਪਾਇ ॥"**

**(ਮ: ੧, ਅੰਗ ੩੫੫)**

ਜਾਂ

**"ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ ॥"**

ਰੂਪ ਫ਼ੁਰਮਾਨ ਅਟੱਲ ਸਚਾਈ ਹੈ । ਅੰਤ ਇਸ ਮਹਾਨ ਸਾਕੇ 'ਤੇ ਸ਼ਹੀਦਾਂ ਨੂੰ ਲੱਖ-ਲੱਖ ਪ੍ਰਣਾਮ ਹੈ ।

ਜਿਸ ਪਾਵਨ ਪੰਕਤੀ **"ਘਟਿ ਘਟਿ ਬਿਆਪਿ ਰਹਿਆ ਭਗਵੰਤ ॥"** ਦੀ ਵੀਚਾਰ ਅੱਜ ਅਸੀਂ ਸਾਂਝੀ ਕਰ ਰਹੇ ਹਾਂ, ਇਹ ਪਾਵਨ ਪੰਕਤੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਅੰਕ ੨੯੩ 'ਤੇ ਸੁਖਮਨੀ ਸਾਹਿਬ ਜੀ ਦੀ ੨੩ਵੀਂ ਅਸਟਪਦੀ ਵਿੱਚ ਸੁਭਾਇਮਾਨ ਹੈ ।

ਜਿਹੜੀ ਹਸਤੀ ਸਾਰੇ ਸੰਸਾਰ ਨੂੰ ਹੋਂਦ ਵਿੱਚ ਲਿਆਉਣ ਵਾਲੀ ਹੈ, ਉਸ ਦਾ ਨਾਮ ਅਕਾਲ ਪੁਰਖ ਹੈ । ਗੁਰੂ ਨਾਨਕ ਦੇਵ ਜੀ ਨੇ ਉਸ ਦਾ ਸਰੂਪ, ਸਿੱਖ ਧਰਮ ਦੇ ਮੁੱਢਲੇ ਉਪਦੇਸ਼ ਮੂਲ-ਮੰਤਰ ਵਿੱਚ ਇੰਞ ਕਥਨ ਕੀਤਾ ਹੈ-

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥**

ਸਤਿਗੁਰੂ ਜੀ ਕੇਵਲ ਇਕੋ ਹਸਤੀ ਨੂੰ ਅਨਾਦਿ ਅਤੇ ਸਾਰੀ ਉਤਪਤੀ ਦਾ ਆਦਿ ਕਾਰਨ ਮੰਨਦੇ ਹਨ । ਫ਼ੁਰਮਾਨ ਹੈ-

**ਏਕਮ ਏਕੰਕਾਰੁ ਨਿਰਾਲਾ ॥**
**ਅਮਰੁ ਅਜੋਨੀ ਜਾਤਿ ਨ ਜਾਲਾ ॥**
**ਅਗਮ ਅਗੋਚਰੁ ਰੂਪ ਨ ਰੇਖਿਆ ॥**
**ਖੋਜਤ ਖੋਜਤ ਘਟਿ ਘਟਿ ਦੇਖਿਆ ॥** (ਅੰਗ ੮੩੮)

ਗੁਰਮਤਿ ਦੀ ਹੋਂਦ ਤੋਂ ਪਹਿਲਾਂ ਰੱਬ ਬਾਰੇ

**"ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ ॥**

(ਅੰਗ ੧੩੪੯)

ਵਾਲਾ ਖ਼ਿਆਲ ਸੀ । ਭਾਵ ਆਪਣੇ-ਆਪਣੇ ਮੱਤ ਅਨੁਸਾਰ ਰੱਬ ਨੂੰ ਵੱਖ-ਵੱਖ ਦਿਸ਼ਾਵਾਂ ਵਿੱਚ ਕੈਦ ਕਰ ਰੱਖਿਆ ਸੀ । ਉਹ ਲੋਕ ਰੱਬ ਦੀ ਭਗਤੀ ਤਾਂ ਕਰਦੇ ਸਨ, ਪਰ ਰੱਬ ਦੀ ਸਰਬ-ਵਿਆਪਕਤਾ ਤੋਂ ਮੁਨਕਰ ਹੋ ਬੈਠੇ ਸਨ; ਇਸੇ ਲਈ ਮਾਨਵਤਾ ਵਿੱਚੋਂ ਉਹਨਾਂ ਨੂੰ ਪ੍ਰਭੂ ਦੇ ਦਰਸ਼ਨ ਹੋਣ ਦੀ ਥਾਂ ਜਾਤਾਂ-ਪਾਤਾਂ, ਰੰਗ-ਰੂਪ, ਉਚ-ਨੀਚਤਾ ਨਜ਼ਰ ਪੈਂਦੀ ਸੀ । ਗੁਰਮਤਿ ਨੇ ਕਿਹਾ ਕਿ ਜਦੋਂ ਤੁਸੀਂ ਰੱਬ ਦੀ ਭਗਤੀ ਕਰਨੀ ਹੈ, ਤਾਂ ਉਸ ਭਗਤੀ ਨੇ ਤੁਹਾਡੇ ਜੀਵਨ, ਤੁਹਾਡੀ ਸੋਚ ਨੂੰ ਇੰਨਾ ਬਦਲ ਦੇਣਾ ਹੈ ਕਿ ਇਸ ਮਨੁੱਖਤਾ ਅੰਦਰ ਉਚ-ਨੀਚਤਾ ਦਾ ਭੇਦਭਾਵ ਆਉਣ ਦੀ ਥਾਂ **"ਜਤ ਦੇਖਾ ਤਤ ਤੂ"** ਦੀ ਦ੍ਰਿਸ਼ਟੀ ਹੋਵੇ, ਇਸ ਕੁਦਰਤ ਦੇ ਨਜ਼ਾਰੇ ਵਿੱਚ ਉਹ ਵਰਤ ਰਿਹਾ ਨਜ਼ਰ ਆਵੇ । ਭਗਤ ਕਬੀਰ ਜੀ ਨੇ ਬਚਨ ਕੀਤੇ,

**"ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥**
**ਲੋਗਾ ਭਰਮਿ ਨ ਭੂਲਹੁ ਭਾਈ ॥**
**ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥"**

(ਅੰਗ ੧੩੪੯-੫੦)



ਪੰਚਮ ਪਾਤਸ਼ਾਹ ਨੇ ਫ਼ੁਰਮਾਇਆ ਹੈ,

**"ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥**
**ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥**

**(ਅੰਗ ੧੩੮੧)**

ਜਿੱਥੇ ਮਨੁੱਖ ਨੂੰ ਅੱਖਾਂ ਖੋਲ੍ਹਦਿਆਂ ਹੀ ਰੱਬ ਦੀ ਹੋਂਦ ਦਾ ਖ਼ਿਆਲ ਆਇਆ, ਉੱਥੇ ਇਸ ਦੇ ਜੀਵਨ ਵਿੱਚ ਕ੍ਰਿਤਮ ਪੂਜਾ ਦਾ ਵੀ ਆਰੰਭ ਹੋ ਗਿਆ । ਮਨੁੱਖ ਨੇ ਵਾਹਿਗੁਰੂ ਨੂੰ ਭੁੱਲ ਕੇ ਸੂਰਜ, ਚੰਦਰਮਾ, ਪਉਣ, ਪਾਣੀ, ਅਗਨੀ, ਧਰਤੀ ਦੀ ਪੂਜਾ ਕਰਨੀ, ਧਰੂਅ, ਸ਼ੁੱਕਰ ਅਤੇ ਬੁੱਧ ਆਦਿ ਤਾਰਿਆਂ ਨੂੰ ਮੰਨਿਆਂ, ਦੇਵਤਿਆਂ ਦੀ ਖੁਸ਼ੀ ਲੈਣ ਲਈ ਉਨ੍ਹਾਂ ਨੂੰ ਪੂਜਿਆ, ਭੈੜੀਆਂ ਰੂਹਾਂ ਦੀ ਕਰੋਪੀ ਤੋਂ ਬਚਣ ਲਈ ਉਹਨਾਂ ਦੀ ਪੂਜਾ ਕੀਤੀ । ਇਸ ਤੋਂ ਬਿਨਾਂ ਜਾਨਵਰਾਂ ਦੀ ਪੂਜਾ, ਬਨਸਪਤੀ ਵਿੱਚੋਂ ਕਈ ਦਰੱਖਤਾਂ ਦੀ ਪੂਜਾ ਕੀਤੀ ਤੇ ਕੀਤੀ ਜਾ ਰਹੀ ਹੈ ।

ਗੁਰੂ ਜੀ ਨੇ ਕ੍ਰਿਤਮ ਪੂਜਾ ਤੋਂ ਮਾਨਵਤਾ ਨੂੰ ਮੁਕਤ ਕਰਨ ਲਈ ਫ਼ੁਰਮਾਇਆ-

**"ਸਗਲਿਆ ਭਉ ਲਿਖਿਆ ਸਿਰਿ ਲੇਖੁ ॥**
**ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥"**

**(ਅੰਗ ੪੬੪)**

**ਜਾਂ**

**ਡਰਪੈ ਧਰਤਿ ਆਕਾਸੁ ਨਖ੍ਹਤ੍ਰਾ ਸਿਰ ਊਪਰਿ ਅਮਰੁ ਕਰਾਰਾ ॥**
**ਪਉਣੁ ਪਾਣੀ ਬੈਸੰਤਰੁ ਡਰਪੈ ਡਰਪੈ ਇੰਦ੍ਰੁ ਬਿਚਾਰਾ ॥**

**(ਅੰਗ ੯੯੯)**

ਕਈ ਤਰ੍ਹਾਂ ਦੀ ਬਹੁ ਪੂਜਾ ਤੋਂ ਵਰਜਦਿਆਂ ਫ਼ੁਰਮਾਇਆ-

**"ਏਕੋ ਜਪਿ ਏਕੋ ਸਾਲਾਹਿ ॥**
**ਏਕੁ ਸਿਮਰਿ ਏਕੋ ਮਨ ਆਹਿ ॥**

ਏਕਸ ਕੇ ਗੁਨ ਗਾਉ ਅਨੰਤ ॥
ਮਨਿ ਤਨਿ ਜਾਪਿ ਏਕ ਭਗਵੰਤ ॥
ਏਕੋ ਏਕੁ ਏਕੁ ਹਰਿ ਆਪਿ ॥
ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥"

(ਅੰਗ ੨੮੯)

ਫਿਰ ਮਨੁੱਖੀ ਸੋਚ ਅੰਦਰ ਇਹ ਪ੍ਰਸ਼ਨ ਉੱਠਦਾ ਹੈ ਕਿ ਕੀ ਰੱਬ ਹੈ ? ਅਕਾਲ ਪੁਰਖ ਦੀ ਹਸਤੀ ਨੂੰ ਸਿੱਧ ਕਰਨ ਲਈ ਸਾਡੇ ਕੋਲ ਕੀ ਸਬੂਤ ਹੈ ? ਇੱਥੇ ਅਸੀਂ ਵੇਖਣਾ ਹੈ ਕਿ ਗੁਰੂ ਸਾਹਿਬਾਨ ਨੇ ਪ੍ਰਮਾਤਮਾ ਦੀ ਹਸਤੀ ਨੂੰ ਕਿਵੇਂ ਸਿੱਧ ਕੀਤਾ ਹੈ । ਵਾਹਿਗੁਰੂ ਜੀ ਦੀ ਹਸਤੀ ਗੁਰੂ ਜੀ ਲਈ ਕਿਸੇ ਦਲੀਲਾਂ ਜਾਂ ਸਬੂਤਾਂ ਦੀ ਮੁਥਾਜ ਨਹੀਂ ਹੈ । ਉਹ ਤੁਰਦੇ ਹੀ ਅਕਾਲ ਪੁਰਖੀ ਨਿਸ਼ਚੇ ਦੇ ਆਸਰੇ ਹਨ । ਜਿਸ ਵਸਤੂ ਦਾ ਸਰੂਪ ਹੀ ਸਤਯਤਾ ਹੋਵੇ, ਉਸ ਦੀ ਹੋਂਦ ਨੂੰ ਸਿੱਧ ਕਰਨ ਦੀ ਕੀ ਲੋੜ ਹੈ ? ਏਸੇ ਅਨੰਦ ਵਿੱਚ ਹੀ ਗੁਰੂ ਜੀ ਫ਼ੁਰਮਾਉਂਦੇ ਹਨ-

**"ਜਹ ਜਹ ਦੇਖਾ ਤਹ ਤਹ ਸੋਈ ॥"** (ਅੰਗ ੧੩੪੩)

ਮਨੁੱਖ ਜਿਵੇਂ ਸੂਰਜ ਚੰਦ ਨੂੰ ਪਰਤੱਖ ਰੂਪ ਵਿੱਚ ਇਨ੍ਹਾਂ ਸਰੀਰਕ ਅੱਖਾਂ ਨਾਲ ਵੇਖਦਾ ਹੈ, ਤਿਵੇਂ ਰੱਬ ਨੂੰ ਵੀ ਉਸੇ ਤਰ੍ਹਾਂ ਪ੍ਰਗਟ ਤੌਰ 'ਤੇ ਵੇਖਣਾ ਚਾਹੁੰਦਾ ਹੈ । ਪਰ ਰੱਬ ਦੀ ਹੋਂਦ ਇਕ ਰੂਹਾਨੀ ਤਜਰਬਾ ਹੈ, ਇਕ ਆਤਮਾ ਦਾ ਗਿਆਨ ਹੈ, ਇਕ ਅਲੌਕਿਕ ਅਹਿਸਾਸ ਜਿਹੜਾ ਗੱਲਾਂ-ਬਾਤਾਂ ਰਾਹੀਂ ਦਰਸਾਇਆ ਨਹੀਂ ਜਾ ਸਕਦਾ, ਇਹ ਨੀਂਦ, ਭੁੱਖ, ਦਰਦ, ਸੁਗੰਧੀ ਦੀ ਤਰ੍ਹਾਂ ਕੇਵਲ ਅਨੁਭਵ ਹੀ ਕੀਤਾ ਜਾ ਸਕਦਾ ਹੈ । ਫ਼ੁਰਮਾਨ ਹੈ—

**ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥**

**(ਅੰਗ ੫੭੭)**

ਭਾਈ ਗੁਰਦਾਸ ਜੀ ਰੱਬ ਦੀ ਸਰਬ-ਵਿਆਪਕਤਾ ਨੂੰ



ਦਰਸਾਉਂਦੇ ਹੋਏ ਆਖਦੇ ਹਨ ਕਿ ਜਿਵੇਂ ਸ਼ੀਸ਼ੇ ਵਿੱਚੋਂ ਅਸੀਂ ਆਪਣਾ ਆਪ ਵੇਖਦੇ ਹਾਂ, ਪਾਣੀ ਵਿੱਚ ਚੰਦਰਮਾ ਦਿੱਸਦਾ ਹੈ, ਗਾਵਾਂ, ਮੱਝਾਂ ਦੇ ਦੁੱਧ ਵਿੱਚ ਘਿਉ ਸਰਬ-ਵਿਆਪੀ ਹੈ, ਫੁੱਲਾਂ ਵਿੱਚ ਸੁਗੰਧ ਹੈ ਪਰ ਦਿਸਦੀ ਨਹੀਂ, ਕੇਵਲ ਉਸਦੀ ਅਨੁਭਵਤਾ ਹੈ । ਲੱਕੜ ਵਿੱਚ ਅਗਨੀ ਅਤੇ ਸਾਰੀ ਧਰਤੀ ਵਿੱਚ ਪਾਣੀ ਹੈ । ਇਸ ਤਰ੍ਹਾਂ ਵਾਹਿਗੁਰੂ ਪ੍ਰਮਾਤਮਾ ਹਰੇਕ ਹਿਰਦੇ ਵਿੱਚ ਰਮਿਆ ਹੋਇਆ ਹੈ । ਅਸੀਂ ਗੁਰੂ ਦੇ ਉਪਦੇਸ਼ ਦੁਆਰਾ ਹੀ ਉਸਦੀ ਹੋਂਦ ਦਾ ਅਨੰਦ ਮਾਣ ਸਕਦੇ ਹਾਂ ।

ਕਥਨ ਹੈ—

**ਦਰਪਨਿ ਵਾਂਗ ਧਿਆਨੁ ਧਰਿ ਆਪੁ ਆਪ ਨਿਹਾਲੈ ।**
**ਘਟਿ ਘਟਿ ਪੂਰਨ ਬ੍ਰਹਮੁ ਹੈ ਚੰਦੁ ਜਲ ਵਿਚਿ ਭਾਲੈ ।**
**ਗੋਰਸੁ ਗਾਈ ਵੇਖਦਾ ਘਿਉ ਦੁਧੁ ਵਿਚਾਲੈ ।**
**ਫੁਲਾਂ ਅੰਦਰਿ ਵਾਸੁ ਲੈ ਫਲੁ ਸਾਉ ਸਮ੍ਹਾਲੈ ।**
**ਕਾਸਟਿ ਅਗਨਿ ਚਲਿਤੁ ਵੇਖਿ ਜਲ ਧਰਤਿ ਹਿਆਲੈ ।**
**ਘਟਿ ਘਟਿ ਪੂਰਨੁ ਬ੍ਰਹਮੁ ਹੈ ਗੁਰਮੁਖਿ ਵੇਖਾਲੈ ॥੯॥** (ਵਾਰ ੯)

ਰੱਬ ਦੀ ਹੋਂਦ ਦਾ ਪਹਿਲਾ ਸਬੂਤ ਸਾਡੀ ਆਪਣੀ ਹੋਂਦ ਹੀ ਹੈ । ਸਾਡੀ ਆਤਮਾ ਦੀ ਹੋਂਦ ਹੈ, ਸਾਡੇ ਮਾਨਸਿਕ ਜੀਵਨ ਦੀ ਹੋਂਦ ਹੈ । ਗੁਰੂ ਜਨ ਤੇ ਭਗਤ ਜਨ ਜਦੋਂ ਵੀ ਬ੍ਰਹਿਮੰਡ ਵੱਲ ਧਿਆਨ ਦੇਂਦੇ ਹਨ ਤਾਂ ਉਨ੍ਹਾਂ ਨੂੰ ਇਸ ਦਾ ਕਰਤਾ ਧਿਆਨ ਵਿੱਚ ਆ ਜਾਂਦਾ ਹੈ, ਉਹ ਪੁਕਾਰ ਉੱਠਦੇ ਹਨ:

**"ਓਇ ਜੁ ਦੀਸਹਿ ਅੰਬਰਿ ਤਾਰੇ ॥**
**ਕਿਨਿ ਓਇ ਚੀਤੇ ਚੀਤਨਹਾਰੇ ॥੧॥**
**ਕਹੁ ਰੇ ਪੰਡਿਤ ਅੰਬਰੁ ਕਾ ਸਿਉ ਲਾਗਾ ॥**
**ਬੂਝੈ ਬੂਝਨਹਾਰੁ ਸਭਾਗਾ ॥੧॥ਰਹਾਉ॥**

ਸੂਰਜ ਚੰਦੁ ਕਰਹਿ ਉਜੀਆਰਾ ॥
ਸਭ ਮਹਿ ਪਸਰਿਆ ਬ੍ਰਹਮ ਪਸਾਰਾ ॥"
(ਅੰਗ ੩੨੯)

ਦੀ ਝਲਕ ਨਜ਼ਰੀਂ ਪੈਂਦੀ ਹੈ । ਜਿੰਨਾ ਚਿਰ ਬੱਚੇ ਦੇ ਦੰਦ ਨਹੀਂ ਆਉਂਦੇ, ਕੁਦਰਤ ਮਾਂ ਦੀ ਰਾਹੀਂ ਬੱਚੇ ਨੂੰ ਅੰਮ੍ਰਿਤਮਈ ਦੁੱਧ ਬਖ਼ਸ਼ਿਸ਼ ਕਰਦੀ ਹੈ । ਦੁੱਧ ਸੁੱਕਦਾ ਹੈ ਤੇ ਦੰਦ ਆ ਜਾਂਦੇ ਹਨ ਤਾਂ ਜੋ ਬੱਚਾ ਰੋਟੀ ਖਾ ਸਕੇ, ਗੱਲ ਕੀ—

**"ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥"**
**(ਅੰਗ ੧੦)**

ਇਸ ਤੋਂ ਵੱਧ ਸੁੰਦਰ ਤੇ ਅਕੱਟ ਦਲੀਲ ਜਾਂ ਸਬੂਤ ਕੀ ਹੋ ਸਕਦਾ ਹੈ । ਦੇਖ ਇਸ ਬੇਥੰਮ੍ਹੇ ਗਗਨ ਵਿੱਚ ਕਰੋੜਾਂ ਸੂਰਜ, ਚੰਨ, ਤਾਰੇ ਬਿਨਾਂ ਬੱਧੇ ਤੇ ਪਟੜੀਆਂ ਵਿਛਾਏ ਨਿਯਤ ਅਸੂਲਾਂ ਅਤੇ ਬੱਧੇ ਰਾਹਾਂ 'ਤੇ ਅਣਗਿਣਤ ਸਮੇਂ ਤੋਂ ਲਗਾਤਾਰਤਾ ਨਾਲ ਘੁੰਮਣ-ਘੇਰੀਆਂ ਖਾ ਰਹੇ ਹਨ । ਕੀ ਇਹ ਮਨੁੱਖੀ ਅਕਲ ਦੀ ਕਾਢ ਹੈ, ਨਹੀਂ ਇਹ ਸਭ ਚੇਤੰਨ ਸਤਿਆਨੰਦ ਪ੍ਰਭੂ ਦਾ ਹੀ ਕਰਤਬ ਹੈ । ਵੇਖੋ ਹਰ ਪਤਲੀ ਸ਼ੈਅ ਦਾ ਸੁਭਾਅ ਨਿਵਾਣ ਵੱਲ ਵਗਣਾ ਹੈ । ਪਰ ਮਨੁੱਖੀ ਸਰੀਰ ਅੰਦਰ ਇਸ ਤੋਂ ਉਲਟ ਖ਼ੂਨ ਜੋ ਪਤਲਾ ਹੈ, ਸਿਰ ਤੋਂ ਪੈਰਾਂ ਤਕ ਅਤੇ ਪੈਰਾਂ ਤੋਂ ਸਿਰ ਤਕ ਇਕੋ ਜਿਹਾ ਬਿਨਾਂ ਰੁਕੇ ਵਗ ਰਿਹਾ ਹੈ ਅਤੇ ਗੇੜੇ 'ਤੇ ਗੇੜਾ ਲਾ ਰਿਹਾ ਹੈ, ਪਤਾ ਵੀ ਨਹੀਂ ਲੱਗਦਾ ਕਿ ਇਹ ਕਿਵੇਂ ਹੋ ਰਿਹਾ ਹੈ । ਐ ਮਨੁੱਖ ! ਇਹ ਪ੍ਰਬੰਧ ਤੇਰੇ ਆਪਣੇ ਹੱਥ ਵਿੱਚ ਨਹੀਂ, ਉਸ ਸਤਚਿੱਤ ਅਨੰਦ ਪ੍ਰਭੂ ਦੇ ਆਸਰੇ ਹੀ ਰਹਿੰਦਾ ਹੈ—ਤੇ ਇਹ ਨਿਯਮ ਕੋਟ ਬ੍ਰਹਿਮੰਡਾਂ ਅਤੇ ਤਮਾਮ ਜੀਵਾਂ ਦੇ ਅੰਦਰ ਨਿਰੰਤਰ ਹੋ ਰਿਹਾ ਹੈ । ਫਿਰ ਸਰੀਰ ਦੀ ਪਾਲਣਾ, ਪਰਵਰਿਸ਼ ਵਿੱਚ ਖ਼ੂਨ ਗੰਦਾ ਹੁੰਦਾ ਹੈ, ਉਹ ਮੁੜ ਵੱਖਰੀਆਂ ਨਾੜੀਆਂ ਰਾਹੀਂ ਫੇਫੜਿਆਂ ਵਿੱਚ ਪੁੱਜ ਕੇ ਸਾਫ਼ ਹੁੰਦਾ ਹੈ



ਅਤੇ ਫਿਰ ਸਾਫ਼ ਹੋ ਕੇ ਮੁੜ ਗੇੜੇ ਮਾਰਦਾ ਸਾਫ਼ ਅਤੇ ਗੰਦਾ ਖ਼ੂਨ ਵੱਖ-ਵੱਖ ਨਾੜੀਆਂ ਵਿੱਚ ਵਗਦਾ ਹੈ, ਗੇੜੇ ਖਾਂਦਿਆਂ ਗੰਦਾ ਅਤੇ ਸਾਫ਼ ਖ਼ੂਨ ਕਦੀ ਇਕੱਠਾ ਨਹੀਂ ਹੁੰਦਾ ਤੇ ਨਾ ਹੀ ਰੁਕਦਾ ਹੈ । ਇਹੋ ਹੀ ਨਿਸ਼ਚਾ ਰੱਬ ਦੀ ਹਸਤੀ ਸਾਬਤ ਕਰਨ ਲਈ ਸਦਾਚਾਰੀ ਤੇ ਭਾਰੀ ਦਲੀਲ ਹੈ ।

ਇਸ ਤਰ੍ਹਾਂ ਰੱਬ ਦੀ ਹੋਂਦ ਨੂੰ ਅਨੁਭਵ ਕਰ ਚੁੱਕਾ ਮਨੁੱਖ, ਮਨੁੱਖਤਾ ਅੰਦਰ ਪਈਆਂ ਜਾਤਾਂ-ਪਾਤਾਂ, ਊਚ-ਨੀਚਤਾ, ਅਮੀਰੀ-ਗ਼ਰੀਬੀ ਦੇ ਫ਼ਰਕ ਅਤੇ ਮੰਦਰ ਮਸਜਿਦਾਂ ਦੇ ਝਗੜੇ ਮੁਕਾ ਕੇ ਝੂਮ ਉੱਠਦਾ ਹੈ, ਅਨੰਦ ਵਿੱਚ ਮਗਨ ਹੋ ਪੰਜਵੇਂ ਗੁਰਦੇਵ ਗੁਰੂ ਅਰਜਨ ਦੇਵ ਜੀ ਦੀ ਤਰ੍ਹਾਂ ਗਾਉਂਦਾ ਹੈ—

**ਏਕ ਰੂਪ ਸਗਲੋ ਪਾਸਾਰਾ ॥**
**ਆਪੇ ਬਨਜੁ ਆਪਿ ਬਿਉਹਾਰਾ ॥੧॥**
**ਐਸੋ ਗਿਆਨੁ ਬਿਰਲੋ ਈ ਪਾਏ ॥**
**ਜਤ ਜਤ ਜਾਈਐ ਤਤ ਦ੍ਰਿਸਟਾਏ ॥੧॥ਰਹਾਉ॥**
**ਅਨਿਕ ਰੰਗ ਨਿਰਗੁਨ ਇਕ ਰੰਗਾ ॥**
**ਆਪੇ ਜਲੁ ਆਪ ਹੀ ਤਰੰਗਾ ॥੨॥**
**ਆਪ ਹੀ ਮੰਦਰੁ ਆਪਹਿ ਸੇਵਾ ॥**
**ਆਪ ਹੀ ਪੂਜਾਰੀ ਆਪ ਹੀ ਦੇਵਾ ॥੩॥**
**ਆਪਹਿ ਜੋਗ ਆਪ ਹੀ ਜੁਗਤਾ ॥**
**ਨਾਨਕ ਕੇ ਪ੍ਰਭ ਸਦ ਹੀ ਮੁਕਤਾ ॥੪॥** (ਅੰ: ੮੦੩)

ਭਾਈ ਨੰਦ ਲਾਲ ਜੀ ਆਪਣੀ ਰਚਨਾ ਵਿੱਚ **"ਘਟਿ ਘਟਿ ਬਿਆਪਿ ਰਹਿਆ ਭਗਵੰਤ"** ਦੇ ਭਾਵ ਨੂੰ ਦਰਸਾਉਂਦੇ ਹੋਏ ਕਥਨ ਕਰਦੇ ਹਨ—

**ਕਾਦਿਰੇ ਮੁਤਲਕ ਬਕੁਦਰਤ ਜਾਹਰਸ੍ਤੁ ॥**
**ਦਰਮਯਾਨੇ ਕੁਦਰਤੇ ਖੁਦ ਕਾਦਿਰਸ੍ਤੁ ॥**

ਭਾਵ ਕਿ ਸਰਬ-ਸ਼ਕਤੀਮਾਨ ਵਾਹਿਗੁਰੂ ਆਪਣੀ ਰਚਨਾ ਤੋਂ ਪ੍ਰਗਟ ਹੁੰਦਾ ਹੈ। ਉਹ ਆਪਣੀ ਰਚਨਾ ਵਿੱਚ ਸਮਾਇਆ ਹੋਇਆ ਹੈ। ਜਿਨ੍ਹਾਂ ਨੇ ਇਹ ਅਨੁਭਵੀ ਰੰਗ ਮਾਣਿਆ ਹੈ, ਉਨ੍ਹਾਂ ਨੇ ਆਪ ਅਨੰਦਤ ਹੁੰਦਿਆਂ ਹੋਇਆਂ ਸੰਸਾਰੀ ਜੀਵਾਂ 'ਤੇ ਕਿਰਪਾ ਕਰਦਿਆਂ ਫ਼ੁਰਮਾਨ ਕੀਤਾ ਹੈ—

**ਕਾਹੇ ਭ੍ਰਮਤ ਹਉ ਤੁਮ ਭ੍ਰਮਹੁ ਨ ਭਾਈ**
**ਰਵਿਆ ਰੇ ਰਵਿਆ ਸਰਬ ਥਾਨ ॥੧॥**
**ਜਿਉ ਬੈਸੰਤਰੁ ਕਾਸਟ ਮਝਾਰਿ**
**ਬਿਨ ਸੰਜਮ ਨਹੀ ਕਾਰਜ ਸਾਰਿ ॥**

**(ਦੇਵਗੰਧਾਰੀ ਮ: ੫, ਅੰਗ ੫੩੫)**

**ਜਾਂ**

**ਸੰਤਹੁ ਘਟਿ ਘਟਿ ਰਹਿਆ ਸਮਾਹਿਓ ॥**
**ਪੂਰਨ ਪੂਰਿ ਰਹਿਓ ਸਰਬ ਮਹਿ**
**ਜਲਿ ਥਲਿ ਰਮਈਆ ਆਹਿਓ ॥**

**(ਅੰਗ ੬੧੭)**

ਆਓ ! ਸਿਰਜਣਹਾਰ ਦਾਤੇ ਨੂੰ ਹਰ ਪਲ ਯਾਦ ਕਰੀਏ ਤਾਂ ਕਿ ਸਾਨੂੰ ਵੀ ਵਾਹਿਗੁਰੂ ਨੂੰ ਹਰ ਥਾਂ ਵੇਖਣ ਦੀ ਦ੍ਰਿਸ਼ਟੀ ਬਣ ਸਕੇ—

**ਸੋ ਅੰਤਰਿ ਸੋ ਬਾਹਰਿ ਅਨੰਤ ॥**
**ਘਟਿ ਘਟਿ ਬਿਆਪਿ ਰਹਿਆ ਭਗਵੰਤ ॥**

**(ਅੰਗ ੨੯੩)**

ਵੱਲੋਂ
ਪ੍ਰਿੰਸੀਪਲ ਬਲਜੀਤ ਸਿੰਘ
M: 94170-18531



# ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਕੀਤੀ ਖਾਲਸੇ ਦੀ ਸਿਰਜਣਾ ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੰਸਾਰ ਵਿੱਚ, ਸਰਬ ਮਾਨਵਤਾ ਲਈ ਸ੍ਰੇਸ਼ਟ ਤੇ ਅਲੌਕਿਕ ਗੁਣਾਂ ਦਾ ਸੁਮੇਲ ਹੈ। ਅਜਿਹੇ ਸਮਾਜ ਦੀ, ਜਿੱਥੇ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਦੀ ਭਾਵਨਾ ਹੋਵੇ, ਦੀ ਸਿਰਜਣਾ ਲਈ ਜੀਵਨ ਭਰ ਘਾਲਣਾ ਘਾਲੀ, ਸ਼ਹਾਦਤਾਂ ਦਿੱਤੀਆਂ, ਸਰਬੰਸ ਦਾਨ ਕੀਤੇ । ਗੁਰੂ ਸਾਹਿਬਾਨ ਜੀ ਨੇ ਜਾਤਾਂ-ਪਾਤਾਂ, ਨਸਲੀ ਭੇਦਾਂ ਤੋਂ ਰਹਿਤ ਅਤੇ ਦੇਸ ਕਾਲ ਦੀਆਂ ਹੱਦਾਂ ਤੋਂ ਪਰ੍ਹੇ, ਦੂਰ ਤਕ ਸਰਬੱਤ ਦੇ ਸੱਭਿਆਚਾਰਕ ਜੀਵਨ ਦਾ ਆਧਾਰ ਬਣਨ ਵਾਲੀ ਜੀਵਨ ਦ੍ਰਿਸ਼ਟੀ ਦੀ ਬਖ਼ਸ਼ਿਸ਼ ਕੀਤੀ।

ਮੂਲ ਰੂਪ ਵਿੱਚ ਸਮੂਹ ਧਰਮ ਹੀ ਸ਼ੁੱਭ ਗੁਣਾਂ ਤੇ ਮਨੁੱਖੀ ਭਾਈਚਾਰੇ ਦੇ ਹਿੱਤਾਂ ਦੀ ਰਾਖੀ ਦਾ ਦਾਅਵਾ ਕਰਦੇ ਹਨ; ਪਰ ਸਮਾਜਿਕ ਤੇ ਵਿਅਕਤੀਗਤ ਅਮਲ ਦੀ ਪੱਧਰ 'ਤੇ ਪ੍ਰਗਟਾਵਾ ਹੀ ਕਿਸੇ ਧਰਮ ਦੇ ਅਸੂਲਾਂ ਦੇ ਦਾਅਵਿਆਂ ਦਾ ਮਾਪਦੰਡ ਹੋ ਨਿਬੜਦਾ ਹੈ, ਵਿਗਿਆਨ ਤੇ ਤਕਨੀਕੀ ਗਿਆਨ ਦੇ ਵਾਧੇ ਨਾਲ ਉਨ੍ਹਾਂ ਧਰਮ ਸਿਧਾਂਤਾਂ ਦੇ ਪੈਰ ਲੜਖੜਾ ਰਹੇ ਹਨ ਜਿਹੜੇ ਕੇਵਲ ਮਨਘੜਤ ਨਿਰੀਆਂ ਮਿਥਿਹਾਸਕ ਨੀਹਾਂ 'ਤੇ ਖੜ੍ਹੇ ਸਨ/ਹਨ। ਮਨੁੱਖ ਨੇ ਜਦੋਂ ਚੰਦਰਮਾ 'ਤੇ ਪੈਰ ਧਰਿਆ, ਇਸ ਨਾਲ ਚੰਦਰਮਾ ਬਾਰੇ ਬਣੀਆਂ ਥੋਥੀਆਂ ਧਾਰਨਾਵਾਂ ਤੇ ਵਿਸ਼ਵਾਸ ਟੁੱਟ ਗਏ, ਖੇਰੂੰ-ਖੇਰੂੰ ਹੋ ਗਏ । ਇਸ ਚੰਦਰਮਾ ਵਾਲੀ ਘਟਨਾ ਨੂੰ ਉਦਾਹਰਣ ਵਜੋਂ ਵੇਖਿਆ ਜਾ ਸਕਦਾ ਹੈ । ਕਾਲਪਨਿਕ ਕਹਾਣੀਆਂ ਵਿੱਚ ਬੱਝੇ ਵਿਸ਼ਵਾਸ ਨੂੰ ਵਿਗਿਆਨਕ ਖੋਜਾਂ ਝੁਠਲਾ ਰਹੀਆਂ ਹਨ ਪਰ ਸਿੱਖ ਧਰਮ ਦੇ ਬਾਨੀ ਨੇ ਪੰਜ ਸਦੀਆਂ ਤੋਂ ਵੀ ਪਹਿਲਾਂ ਕੀਤੇ ਬਚਨ—

**"ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥"** (ਅੰਗ ੭)
**"ਕੋਟਿ ਸੂਰ ਜਾ ਕੈ ਪਰਗਾਸ ॥"** (ਅੰਗ ੧੧੬੨)
**"ਕੋਟਿ ਚੰਦ੍ਰਮੇ ਕਰਹਿ ਚਰਾਕ ॥"** (ਅੰਗ ੧੧੬੨)

ਪੜ੍ਹ ਕੇ ਉਨ੍ਹਾਂ ਦੇ ਸਿੱਖ ਧਰਮ ਦੀ ਧਾਰਨੀ ਹਕੀਕਤ ਨੂੰ ਜਦੋਂ ਸਾਕਾਰ ਹੁੰਦਾ ਵੇਖਦਾ ਹੈ ਤਾਂ ਆਪਣੇ ਆਪ ਨੂੰ ਜਿਉਂਦੀਆਂ ਜਾਗਦੀਆਂ ਕਦਰਾਂ-ਕੀਮਤਾਂ ਅਤੇ ਮਹਾਨ ਨਿਆਰੀ ਕੌਮ ਦਾ ਵਾਰਸ ਅਨੁਭਵ ਕਰਦਾ ਹੈ, ਸਹਿਜ ਸੁਭਾਅ ਆਪ ਮੁਹਾਰੇ ਪੁਕਾਰ ਉੱਠਦਾ ਹੈ:

**"ਧੰਨ ਨਾਨਕ ਤੇਰੀ ਵਡੀ ਕਮਾਈ ॥**
**ਵਡਾ ਪੁਰਖ ਪਰਗਟਿਆ**
**ਕਲਿਜੁਗ ਅੰਦਰਿ ਜੋਤਿ ਜਗਾਈ ॥"**

ਸਿੱਖ ਆਪਣੇ ਆਪ ਨੂੰ ਨਵੀਨ, ਅਗਾਂਹ-ਵਧੂ, ਵਿਗਿਆਨਕ ਜੁਗ ਦੇ ਧਰਮ ਦੇ ਧਾਰਨੀ ਹੋਣ ਦਾ ਗੌਰਵ ਮਹਿਸੂਸ ਕਰਦਾ ਹੈ,ਅਜਿਹਾ ਕਰਨਾ ਉਸ ਲਈ ਵਾਜਬ ਹੀ ਹੈ ।

ਧਰਮਾਂ ਦੇ ਇਤਿਹਾਸ ਦਾ ਦੁਖਦਾਈ ਪਹਿਲੂ ਹੈ ਕਿ ਪਰਸਪਰ ਵੰਡੀਆਂ, ਵੈਰ-ਵਿਰੋਧ, ਲੜਾਈ ਝਗੜੇ, ਕੁਝ ਲੋਕਾਂ ਨੂੰ ਆਪਣੇ, ਕੁਝ ਨੂੰ ਬੇਗਾਨੇ ਸਮਝਣਾ, ਇਹ ਵਤੀਰਾ ਧਰਮ ਮਾਰਗ ਵਿੱਚ ਸੰਕਟ ਰੂਪ ਬਣ ਜਾਂਦਾ ਹੈ । ਜ਼ੁਬਾਨੀ ਵਾਦ-ਵਿਵਾਦ ਤੋਂ ਅੱਗੇ ਵਧ ਕੇ, ਤੇਗਾਂ ਤਲਵਾਰਾਂ ਵਾਲੇ ਲਹੂ ਪੀਣੇ ਮੈਦਾਨ ਤਕ ਵੀ ਪੁੱਜ ਜਾਂਦਾ ਹੈ ਤੇ ਪੁੱਜਦਾ ਰਹੇਗਾ । ਬਹੁਤ ਵਾਰ ਇਕੋ ਧਰਮ ਦੇ ਧਾਰਨੀ ਵੱਖੋ ਵੱਖਰੇ ਫਿਰਕਿਆਂ ਸੰਪ੍ਰਦਾਵਾਂ ਦਾ ਰੂਪ ਧਾਰ ਕੇ ਆਪਸੀ ਵੈਰ-ਵਿਰੋਧ ਦਾ ਸ਼ਿਕਾਰ ਹੋ ਜਾਂਦੇ ਹਨ । ਨਸਲੀ ਭੇਦ-ਭਾਵ ਕਾਰਨ ਇਕ ਕੌਮ ਨੂੰ ਦੂਜੀ ਮਜ਼੍ਹਬੀ ਕੌਮ ਦੇ ਖ਼ਤਮ ਕਰ ਦੇਣ ਦੇ ਮਾਰੂ-ਹਮਲੇ ਨਵੇਂ ਪੁਰਾਣੇ ਇਤਿਹਾਸ



ਦੇ ਦੁਖਦਾਈ ਕਾਂਡ ਹਨ । ਪੂਰੇ ਸੰਸਾਰ ਦਾ ਅੱਧਾ ਹਿੱਸਾ ਇਸਤਰੀ ਜਾਤੀ ਨੂੰ ਅਧਿਕਾਰ ਰਹਿਤ ਰੱਖਣਾ ਧਰਮੀ ਮਾਣ ਮਰਯਾਦਾ ਦਾ ਪਹਿਲੂ ਮੰਨਦਾ ਹੈ । ਸਿੱਖ ਧਰਮ ਅਜਿਹੀ ਰੋਕ ਟੋਕ ਭੇਦਭਾਵ ਜਨੂੰਨੀ ਜ਼ਬਰ ਤੇ ਬਿਖਾਧਾਂ ਵਿੱਚ ਬੁਨਿਆਦੀ ਤੌਰ 'ਤੇ ਯਕੀਨ ਨਹੀਂ ਕਰਦਾ, ਸਗੋਂ **"ਸਗਲੇ ਜੀਅ ਤੁਮਾਰੇ"** ਦਾ ਵਿਸ਼ਵਾਸੀ ਹੈ, ਨਾ ਹੀ ਕਦੇ ਤਲਵਾਰ ਤੇ ਜ਼ਬਰ-ਜ਼ੁਲਮ ਨਾਲ ਧਰਮ ਦਾ ਵਾਧਾ ਕਰਨ ਦਾ ਕਾਇਲ ਹੈ । ਗੁਰੂ ਇਤਿਹਾਸ ਤੇ ਸਿੱਖ ਇਤਿਹਾਸ ਵਿੱਚ ਕੋਈ ਐਸੀ ਜੰਗ ਸ਼ਾਮਲ ਨਹੀਂ ਜੋ ਸਿੱਖ ਧਰਮ ਦੇ ਵਾਧੇ ਲਈ ਲੜੀ ਗਈ ਹੋਵੇ ਤਾਂ ਆਪਣੀ ਹੋਂਦ ਜਾਂ ਵਜੂਦ ਦੀ ਰਾਖੀ ਤੇ ਸੰਭਾਲ ਲਈ **"ਸਵਾ ਲਾਖ ਸੇ ਏਕ ਲੜਾਊਂ ॥"** ਦੇ ਸਿਧਾਂਤ ਨੂੰ ਮੰਨਦਿਆਂ ਲੱਖਾਂ ਸਾਹਮਣੇ ਇਕ ਦਾ ਰਣ ਵਿੱਚ ਜੂਝ ਮਰਨਾ ਧਰਮ ਦਾ ਅੰਗ ਜ਼ਰੂਰ ਸਮਝਿਆ ਜਾਂਦਾ ਹੈ । ਧਰਮ ਦਾ ਪਤਨ ਉਦੋਂ ਹੁੰਦਾ ਹੈ । ਜਦੋਂ ਗੁਣਾਂ ਅਤੇ ਸੋਹਣੀਆਂ ਕਦਰਾਂ-ਕੀਮਤਾਂ ਦੇ ਧਾਰਨੀ ਲੋਕਾਂ ਦੀ ਗਿਣਤੀ ਘਟ ਜਾਂਦੀ ਹੈ ਉਨ੍ਹਾਂ ਦੀ ਥਾਂ ਰੀਤਾਂ, ਰਿਵਾਜ, ਕਰਮ-ਕਾਂਡ ਜੰਤਰ-ਮੰਤਰ, ਸੁਖਣਾ, ਚੜ੍ਹਾਵੇ, ਟੂਣੇ-ਟਾਮਣ, ਦੇਵੀ ਦੇਵਤਿਆਂ, ਪੀਰਾਂ-ਫ਼ਕੀਰਾਂ, ਮੜ੍ਹੀਆਂ ਬੁੱਤਾਂ ਦੀ ਪੂਜਾ ਜਾਂ ਕਿਰਤਮ ਪੂਜਾ ਜਿਹੇ ਖ਼ੁਸ਼ਕ ਮਾਰੂਥਲਾਂ ਵਿੱਚ ਮਨੁੱਖੀ ਰੂਹ ਭਟਕਣ ਲੱਗ ਜਾਂਦੀ ਹੈ । ਧਰਮਾਂ ਦੀ ਇਹ ਗਿਰਾਵਟ ਇਤਿਹਾਸ ਦੀ ਤਹਿ ਫਰੋਲਣ ਬਿਨਾਂ ਵੀ ਸੁਭਾਵਕ ਹੀ ਦਿੱਸ ਪੈਂਦੀ ਹੈ । ਇਸ ਤਰ੍ਹਾਂ ਦੀ ਧਰਮ-ਹੀਣਤਾ ਦੀ ਜ਼ਿੰਮੇਵਾਰੀ ਧਰਮ 'ਤੇ ਨਹੀਂ ਸਗੋਂ ਧਰਮ ਦੇ ਮੰਨਣਹਾਰਿਆਂ 'ਤੇ ਆਉਂਦੀ ਹੈ ਜਿਨ੍ਹਾਂ ਦੀ ਬੇਪਰਵਾਹੀ ਤੇ ਅਣਗਹਿਲੀ ਕਾਰਨ ਧਰਮ ਪਾਖੰਡ ਦਾ ਰੂਪ ਧਾਰ ਕੇ ਆਪਣੇ ਖ਼ਾਤਮੇ ਵੱਲ ਵਧਦਾ ਹੈ ।

ਕਿਸੇ ਵੀ ਧਰਮ ਵਿੱਚੋਂ ਅਧਿਆਤਮਕ ਗੁਣ ਅਲੋਪ ਹੋ

ਜਾਣ ਕਾਰਨ ਧਰਮ ਮੱਧਮ ਪੈ ਜਾਂਦਾ ਹੈ, ਧਰਮ ਦੇ ਗੁਣ ਸਮਾਜ ਲਈ ਪ੍ਰਭਾਵਹੀਣ ਹੋਣ ਕਰਕੇ ਉਹ ਧਰਮ ਜਿਊਂਦਾ ਨਹੀਂ ਰਹਿੰਦਾ। ਜੀਵੰਤ ਧਰਮ ਨੂੰ ਨਿੱਤ ਜੀਵਨ ਕਰਮਾਂ ਉੱਤੇ ਪ੍ਰਭਾਵੀ ਹੋਣ ਲਈ ਕਈ ਵਾਰੀ ਆਪਣੇ ਸਿਧਾਂਤਾਂ ਤੇ ਰਵਾਇਤਾਂ ਨੂੰ ਉਘਾੜਨ ਹਿੱਤ ਕੁਰਬਾਨੀ ਦੇ ਸਾਕੇ ਵਾਰ ਵਾਰ ਦੁਹਰਾਣੇ ਪੈਂਦੇ ਹਨ। ਅਜਿਹਾ ਆਪਾ ਵਾਰਨ ਲਈ ਸ਼ਰਤ ਇਹ ਹੁੰਦੀ ਹੈ ਕਿ ਕੁਰਬਾਨੀ ਕਿਸੇ ਸੱਚੇ ਸਿਧਾਂਤ ਦੀ ਪੁਸ਼ਟੀ ਕਰਨ ਲਈ ਹੋਵੇ ਨਾ ਕਿ ਕਿਸੇ ਹੂੜ ਮਤਿ ਜਾਂ ਨਿੱਜੀ ਸਵਾਰਥ ਦੀ ਪੂਰਤੀ ਲਈ । ਜੇਕਰ ਇਹ ਕਾਰਜ ਗਿਆਨ ਦੇ ਵਾਧੇ ਤੇ ਸੁਧਾਰ ਦੀ ਹੱਦ ਵਿੱਚ ਆ ਜਾਂਦਾ ਹੈ ਤਾਂ ਉਹ ਸਿੱਖਾਂ ਵਿੱਚ ਸੰਕੇਤਕ ਰੂਪ ਵਿੱਚ ਅਰਦਾਸ ਦਾ ਹਿੱਸਾ ਪ੍ਰਵਾਨਿਆਂ ਜਾਂਦਾ ਹੈ । ਗਿਆਨ ਵਿਹੂਣੀ ਸ਼ਰਧਾ ਤੇ ਜਜ਼ਬਾ ਅੰਨ੍ਹਾ ਹੁੰਦਾ ਹੈ ਕੇਵਲ ਗਿਆਨ ਦੇ ਖੜਗ ਨਾਲ ਹੀ ਆਲ ਜੰਜਾਲ, ਕਰਮਕਾਂਡੀ ਕੂੜਾ ਕਰਕਟ ਪਰ੍ਹੇ ਕਰਕੇ ਅਨੰਦਮਈ ਜੀਵਨ ਤਕ ਪੁੱਜਣਾ, **ਬਿਖ ਛੋਦਿ ਛੋਦਿ ਰਸ ਪੀਜੈ**" ਹੀ ਸਿੱਖੀ ਮਾਰਗ ਦਰਸ਼ਨ ਹੈ । ਫ਼ੁਰਮਾਨ ਹੈ :

**ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ ॥**
**ਦੂਜਾ ਭ੍ਰਮੁ ਗੜੁ ਕਟਿਆ ਮੋਹੁ ਲੋਭੁ ਅਹੰਕਾਰਾ ॥**
**ਹਰਿ ਕਾ ਨਾਮੁ ਮਨਿ ਵਸਿਆ ਗੁਰ ਸਬਦਿ ਵੀਚਾਰਾ ॥**
**ਸਚ ਸੰਜਮਿ ਮਤਿ ਊਤਮਾ ਹਰਿ ਲਗਾ ਪਿਆਰਾ ॥**
**ਸਭੁ ਸਚੋ ਸਚੁ ਵਰਤਦਾ ਸਚੁ ਸਿਰਜਣਹਾਰਾ ॥**
**(ਮਾਰੂ ਮ: ੪, ਅੰਗ ੧੦੮੧)**

ਅਜਿਹੀ ਵਿਦਿਆ ਤੇ ਗਿਆਨ ਦੇ ਵੀਚਾਰ ਆਪਣੇ ਆਪ ਵਿੱਚ ਪਰਉਪਕਾਰੀ ਹਨ । ਇਸ ਦੇ ਤੱਤ ਨੂੰ ਵੀਚਾਰਨ ਵਾਲੇ "**ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥** ਨਾਲ ਭਰਪੂਰ ਤੇ ਇਸ ਰਾਹ 'ਤੇ



ਤੁਰਨ ਵਾਲੇ ਪਰਉਪਕਾਰੀ ਗੁਰਮੁਖ ਹੀ ਹੁੰਦੇ ਹਨ । ਧਰਮ ਦੀ ਅਸਲੀ ਸੇਵਾ ਸੱਚੇ ਧਰਮ ਦੇ ਗਿਆਨ ਦਾ ਪ੍ਰਸਾਰ ਹੈ ਜਿਸ ਸੇਵਾ ਨਾਲ ਧਰਮ ਦਾ ਗਿਆਨ ਪ੍ਰਚੰਡ ਹੋਵੇ, ਅੰਧੇਰਾ ਬਿਨਸੇ, ਸਦਗੁਣਾਂ ਦੀ ਸੁਗੰਧੀ ਭਰੇ ਮਹੌਲ ਦੀ ਸੁਤੇ ਸਿਧ ਰਚਨਾ ਹੋਵੇ, ਇਹ ਸੇਵਾ ਗਾਖੜੀ ਜਾਂ ਔਖੀ ਤਾਂ ਹੈ ਹੀ ਉਸ ਸਮੇਂ ਹੋਰ ਵੀ ਕਠਨ ਹੋ ਜਾਂਦੀ ਹੈ ਜਦੋਂ ਸਮਾਜ ਵਿੱਚ ਗ਼ਲਤ ਧਾਰਨਾਵਾਂ 'ਤੇ ਅਧਾਰਤ ਕੱਚੀਆਂ-ਫੋਕੀਆਂ ਗੱਲਾਂ ਨੂੰ ਪ੍ਰਚਾਰਨਾ ਹੀ ਸਰਬੋਤਮ ਗਿਆਨ ਪ੍ਰਕਾਸ਼ ਮੰਨਿਆਂ ਜਾਣ ਲੱਗ ਪਿਆ ਹੋਵੇ । ਧਰਮ ਨੂੰ ਖਾਲਸ, ਸ਼ੁੱਧ ਸਰੂਪ ਵਿੱਚ ਰੱਖਣ ਅਤੇ ਸਮੇਂ ਦੇ ਮਾਹੌਲ ਵਿੱਚ ਜਿਊਂਦੇ ਧਰਮ ਦੇ ਪ੍ਰਮਾਣ ਪੇਸ਼ ਕਰਨ ਵਿੱਚ ਵੀ ਉਸ ਧਰਮ ਦੇ ਧਾਰਨੀਆਂ ਜਾਂ ਦਾਹਵੇਦਾਰਾਂ ਦਾ ਹੀ ਕਰਤੱਵ ਰਿਹਾ ਹੈ ਨਾ ਕਿ ਧਰਮ ਕੇਵਲ ਧਾਰਮਿਕ ਗ੍ਰੰਥਾਂ ਤਕ ਹੀ ਸੀਮਿਤ ਹੈ । ਜਿਸ ਧਰਮ ਜਾਂ ਪੰਥ ਨੇ ਧਰਮ ਦੇ ਮੂਲਕ ਤੱਤਾਂ ਨੂੰ ਵਧਾਉਣਾ ਜਾਂ ਪ੍ਰਫੁੱਲਿਤ ਕਰਨਾ ਹੋਵੇ, ਜੇ ਉਸ ਦੇ ਅਮਲੀ ਕਰਮ-ਧਰਮ ਤੋਂ ਵਿਪਰੀਤ ਹੋ ਜਾਣ ਤਾਂ ਕੀ ਉਹ ਪੰਥ ਜਾਂ ਸਿਧਾਂਤ ਆਪਣੇ ਅਸਲੀ ਗੌਰਵ ਦਾ ਅਧਿਕਾਰੀ ਰਹਿ ਜਾਂਦਾ ਹੈ ? ਪਾਣੀ ਨੇ ਮੈਲ ਧੋਣੀ ਹੈ, ਸਵੱਛਤਾ ਨਿਰਮਲਤਾ ਦੇਣੀ ਹੈ, ਪਰ ਜਿਹੜਾ ਪਾਣੀ ਗੰਧਲਾ ਹੋ ਕੇ ਖੁਦ ਹੀ ਚਿੱਕੜ ਬਣ ਜਾਏ ਤਾਂ ਉਹ ਦੂਜਿਆਂ ਦੀ ਮੈਲ ਕੱਟਣ ਦੇ ਗੁਣਾਂ ਤੋਂ ਸੱਖਣਾ ਹੋ ਜਾਂਦਾ ਹੈ, ਇਹੋ ਧਰਮ ਦੀ ਗਤੀ ਜਾਂ ਹਾਲਾਤ ਹੈ ।

ਕਿਸੇ ਜੀਵੰਤ ਧਰਮ ਦੀ ਨਿਸ਼ਾਨੀ ਹੈ ਉਸ ਵਿੱਚ ਸੁਧਾਰਵਾਦੀ ਤੱਤ, ਜੀਵਨ ਜਾਚ ਦਾ ਰਸ ਅਤੇ ਅਧਿਆਤਮਕ ਰਹੱਸ ਪ੍ਰਬਲ ਰਹੇ । ਗੁਣਾਂ ਦੇ ਨਿਖਾਰ ਤੇ ਵਿਚਾਰ ਦਾ ਕਾਰਜ ਚਲਦਾ ਰਹੇ । ਅਜਿਹਾ ਨਾ ਹੋਣ ਦੀ ਸੂਰਤ ਵਿੱਚ ਉਸ ਧਰਮ ਦੇ ਬੂਟੇ ਨੂੰ ਇਧਰੋਂ ਉਧਰੋਂ ਉੱਗੇ ਖੁਰਦਰੇ ਕੰਡਿਆਲੇ ਬ੍ਰਿਛ ਬੂਟੇ ਆਪਣੇ ਪਰਛਾਵੇਂ ਦੇ ਆਕਾਰ ਦੇ ਪ੍ਰਭਾਵ ਹੇਠਾਂ

ਹੀ ਦਬਾ ਲੈਂਦੇ ਹਨ । ਸਿੱਖ ਧਰਮ ਇਕ ਨਵੀਨ ਯੁੱਗ ਦਾ ਧਰਮ ਹੈ । ਕੁਰਬਾਨੀ ਅਤੇ ਪਰਉਪਕਾਰ ਦਾ ਖਮੀਰ (ਪਾਹ) ਇਸ ਅੰਦਰ ਇਸ ਤਰ੍ਹਾਂ ਸਮੋਇਆ ਗਿਆ ਹੈ ਕਿ ਇਸ ਧਰਮ ਦੇ ਮੁੱਠੀ ਭਰ ਗਿਣਤੀ ਦੇ ਧਾਰਨੀਆਂ ਜਾਂ ਅਨੁਆਈਆਂ ਨੇ ਆਪਣੀਆਂ ਕੁਲਾਂ ਤਕ ਕੁਰਬਾਨ ਕਰਕੇ ਸਿੱਖੀ ਨੂੰ ਜੀਵੰਤ ਧਰਮ ਦੇ ਹੋਣ ਦਾ ਪ੍ਰਮਾਣ ਪੇਸ਼ ਕੀਤੇ ਹਨ । ਪਰ ਇਸ ਸਭ ਉੱਦਮ ਦੇ ਬਾਵਜੂਦ ਸਿੱਖੀ ਇਸ ਵੇਲੇ ਕਿਸੇ ਸੁਖਾਵੇਂ ਵਾਯੂ-ਮੰਡਲ ਵਿੱਚ ਸਾਹ ਕਿਉਂ ਨਹੀਂ ਲੈ ਰਹੀ ? ਉਹ ਸਾਰੇ ਸੰਕਟ ਸਿੱਖੀ ’ਤੇ ਇਕ ਦਮ ਟੁੱਟ ਪਏ ਹਨ ਜੋ ਹੋਰਨਾਂ ਧਰਮਾਂ ਦੇ ਪਤਨ ਜਾਂ ਖ਼ਾਤਮੇ ਦਾ ਕਾਰਨ ਬਣਦੇ ਰਹੇ ਹਨ । ਬਹਿਰੂਨੀ ਸੰਕਟਾਂ, ਹਮਲਿਆਂ ਨਾਲ ਟੱਕਰ ਲੈਣੀ ਆਸਾਨ ਹੈ ਪਰ ਜਦੋਂ ਅੰਦਰੋਂ ਹੀ ਘੁਣ ਖਾਣ ਲੱਗ ਪਏ ਤਾਂ ਨਰੋਏ ਬ੍ਰਿੱਛ ਦੀ ਗੇਲੀ (ਤਣਾ) ਵੀ ਢਹਿ-ਢੇਰੀ ਹੋ ਜਾਂਦੀ ਹੈ ।

ਸਿੰਘ ਸਭਾ ਲਹਿਰ ਸਿੱਖ ਧਰਮ ਅੰਦਰ ਪੁਨਰ ਜਾਗ੍ਰਿਤੀ ਲਹਿਰ ਜਾਂ ਉੱਦਮ ਸੀ। ਇਸ ਲਹਿਰ ਨੇ ਸਿੱਖੀ ਦੇ ਅੰਦਰਲੇ ਮਾਰੂ-ਰੋਗਾਂ ਨੂੰ ਜਾਣਿਆਂ ਤੇ ਸੋਧਿਆ । ਗੁਰੂਧਾਮ ਪੁਜਾਰੀਆਂ ਦੀ ਨਿੱਜੀ ਮਾਲਕੀ ਸਮਝੇ ਜਾਂਦੇ ਸਨ। ਕੁਰੀਤੀਆਂ ਦੇ ਸੁਧਾਰ ਦੀ ਗੱਲ ਕਰਨ ਵਾਲੇ ਪੰਥ ਦਰਦੀਆਂ ਨੂੰ ਪੰਥ ਵਿੱਚੋਂ ਛੇਕ ਦਿੱਤਾ ਜਾਂਦਾ ਸੀ, ਉਨ੍ਹਾਂ ’ਤੇ ਮੁਕੱਦਮੇ ਚਲਾਏ ਜਾਂਦੇ ਸਨ, ਪਰ ਉਨ੍ਹਾਂ ਸਿਰੜੀ ਸਿੰਘਾਂ-ਸਿੰਘਣੀਆਂ ਨੇ ਵਰ੍ਹਿਆਂ ਬੱਧੀ ਘਾਲਣਾ ਘਾਲ ਕੇ ਗੁਰਮਤਿ ਦੇ ਖਾਲਸ ਅਸਲ ਸਰੂਪ ਨੂੰ ਨਿਖਾਰਿਆ ਤੇ ਪ੍ਰਚਾਰਿਆ । ਹੁਣ ਵੀ ਇਹੋ ਜਿਹੀ ਸਥਿਤੀ ਹੈ। ਕਈ ਨਵੇਂ ਮਸਲੇ, ਨਵੇਂ ਕਿਸਮ ਦੀਆਂ ਸਮੱਸਿਆਵਾਂ ਜੋ ਪਹਿਲਾਂ ਤੋਂ ਵੱਧ ਗੁੰਝਲਦਾਰ ਹੋ ਕੇ ਦ੍ਰਿਸ਼ਟਮਾਨ ਹੋ ਰਹੀਆਂ ਹਨ ।ਇਨ੍ਹਾਂ ਦੇ ਸੁਧਾਰ ਲਈ ਸਿਧਾਂਤਕ ਨਿਰਣੇ ਪਹਿਲਾਂ ਹੋਣੇ ਜ਼ਰੂਰੀ ਹਨ, ਜਿਨ੍ਹਾਂ ਲਈ ਕੌਮ ਨੂੰ ਗੁਰੂ



ਦੀ ਛਤ੍ਰ-ਛਾਇਆ ਹੇਠ ਕੇਂਦਰਤ ਹੋਣ ਦੀ ਲੋੜ ਹੈ ।

ਅੱਜ ਸਿੱਖੀ ਦਾ ਨਾਤਾ ਗੁਰਮਤਿ ਗਿਆਨ ਤੋਂ ਟੁੱਟ ਕੇ ਵਿਅਕਤੀਆਂ ਨਾਲ ਜੁੜ ਗਿਆ ਹੈ । ਵਿਅਕਤੀਗਤ ਅਗਵਾਈ ਹਮੇਸ਼ਾਂ **“ਅਨੇਕ ਮਤੀ ਕੇ”** ਰੂਪ ਵਿੱਚ ਬਿਚਰਦੀ ਰਹੀ ਹੈ । **“ਗਿਆਨ ਹੀਣੰ ਅਗਿਆਨ ਪੂਜਾ ॥ ਅੰਧ ਵਰਤਾਵਾ ਭਾਉ ਦੂਜਾ ॥”** ਕਾਰਨ ਅਜਿਹੀ ਸੰਸਥਾ ਜਾਂ ਜਨ ਸਮੁਦਾਇ ਦਾ ਵਜੂਦ ਕਿਸੇ ਆਧਾਰ ਤੋਂ ਬਿਨਾਂ ਬਹੁਤੀ ਦੇਰ ਟਿਕਿਆ ਨਹੀਂ ਰਹਿ ਸਕਦਾ, ਜੇ ਰਹਿੰਦਾ ਹੈ ਤਾਂ ਜੰਗਲ ਦਾ ਰੂਪ ਧਾਰ ਲੈਂਦਾ ਹੈ। ਧਰਮ ਦੇ ਨਿਯਮਾਂ ਨੂੰ ਸਥਿਰ ਰੱਖਣ ਲਈ ਚੇਤੰਨ ਸਹਾਰੇ ਦੀ ਲੋੜ ਹੈ । ਜਾਗਦੇ ਸਮੁਦਾਇ ਦੀ ਜ਼ਰੂਰਤ ਹੈ । ਉਹ ਗੱਲਾਂ ਧਰਮ ਦਾ ਆਧਾਰ ਨਹੀਂ ਹੋ ਸਕਦੀਆਂ ਜੋ ਲੀਡਰੀ, ਡੇਰੇਦਾਰੀ ਜਾਂ ਸੰਪ੍ਰਦਾਈ ਲਾਭਾਂ ਲਈ ਸਿੱਖੀ ਦੇ ਨਾਂ ਤੇ ਵਰਤੋਂ ਕਰ ਰਹੀਆਂ ਹਨ । ਇਹ ਸਿੱਖੀ ਦੀ ਸੇਵਾ ਨਹੀਂ ਬਲਕਿ ਸਿੱਖੀ ਤੋਂ ਸੇਵਾ ਲੈਣ ਦਾ ਮਾਪਦੰਡ ਜਾਂ ਕਾਰਜ ਹੈ । ਧਰਮ ਕੀ ਹੈ ? ਮਨੁੱਖਤਾ ਲਈ ਇਕ ਜੀਵਨ-ਜਾਚ, ਮਨੁੱਖੀ ਜ਼ਿੰਦਗੀ ਗੁਣਾਂ ਨਾਲ ਕਿਵੇਂ ਭਰਪੂਰ ਹੋਵੇ । ਕਈ ਅਖੌਤੀ ਮਹਾਂਪੁਰਸ਼ ਆਪਣੀ ਨਿੱਜੀ ਸਿੱਖੀ ਸੇਵਕੀ ਵਧਾਈ ਜਾਣੀ ਹੀ ਧਰਮ ਦੀ ਸੇਵਾ ਸਮਝ ਰਹੇ ਹਨ । ਕੌਮ ਦੀ ਵਧੇਰੇ ਸ਼ਰਧਾ ਦੇਹਧਾਰੀ ਗੁਰੂ ਡੰਮ ਨਾਲ ਨੱਥੀ ਪਈ ਹੈ । ਅਜਿਹੀ ਸਿੱਖੀ ਸੇਵਕੀ ਅੰਧ-ਵਿਸ਼ਵਾਸ ’ਤੇ ਨਿਰਭਰ ਹੁੰਦੀ ਹੈ । ਅਜਿਹੇ ਪਖੰਡੀ ਤੇ ਭੇਖਧਾਰੀ ਲੋਕ ਮਨਘੜਤ ਕੌਤਕੀ ਵਾਰਤਾਵਾਂ ਸੁਣਾ ਕੇ ਮਨ ਪ੍ਰਚਾਵਾ ਕਰਨ ਨੂੰ ਹੀ ਧਰਮ ਪ੍ਰਚਾਰ ਸਮਝ ਰਹੇ ਹਨ, ਨਿੱਤ ਨਵੀਆਂ ਮਰਯਾਦਾਵਾਂ ਪ੍ਰਗਟ ਹੋ ਰਹੀਆਂ ਹਨ । ਸਿੱਖਾਂ ਵਿੱਚ **“ਜਿੰਨੇ ਸੰਤ ਓਨੇ ਪੰਥ”** ਵਾਲੀ ਦਸ਼ਾ ਬਣ ਗਈ ਹੈ । ਅਜਿਹੀ ਦਸ਼ਾ ਨੂੰ ਗੁਰਮਤਿ ਦੇ ਦਾਰਸ਼ਨਿਕ ਵਿਆਖਿਆਕਾਰ ਭਾਈ ਗੁਰਦਾਸ ਜੀ ਇੰਵ

ਅੰਕਤ ਕਰਦੇ ਹਨ :

**ਨਾਥਾਂ ਨਾਥੁ ਨ ਸੇਵਨੀ ਹੋਇ ਅਨਾਥ ਗੁਰੂ ਬਹੁ ਚੇਲੇ ।**
**ਕੰਨ ਪੜਾਇ ਬਿਭੂਤਿ ਲਾਇ ਖਿੰਥਾ ਖਪਰੁ ਡੰਡਾ ਹੇਲੇ ।**
**ਘਰਿ ਘਰਿ ਟੁਕਰ ਮੰਗਦੇ ਸਿੰਙੀ ਨਾਦੁ ਵਜਾਇਆ ਭੇਲੇ ।**
**ਭੁਗਤਿ ਪਿਆਲਾ ਵੰਡੀਐ ਸਿਧਿ ਸਾਧਿਕ ਸਿਵਰਾਤੀ ਮੇਲੇ ।**
**ਬਾਰਹ ਪੰਥ ਚਲਾਇਦੇ ਬਾਰਹ ਵਾਟੀ ਖਰੇ ਦੁਹੇਲੇ ।**
**ਵਿਣ ਗੁਰ ਸਬਦ ਨ ਸਿਝਨੀ ਬਾਜੀਗਰ**
**ਕਰਿ ਬਾਜੀ ਖੇਲੇ ਅੰਨ੍ਹੈ ਅੰਨ੍ਹਾ ਖੂਹੀ ਠੇਲੇ ॥੫।੧੫।**

ਇਹ ਅਟੱਲ ਸੱਚ ਹੈ ਕਿ ਅਜਿਹੇ ਅੰਧ-ਵਿਸ਼ਵਾਸੀ ਗੁਰੂ ਦੂਜਿਆਂ ਨੂੰ ਵੀ ਅਗਿਆਨਤਾ ਤੇ ਭਰਮਾਂ ਦੇ ਖੂਹ ਵਿੱਚ ਹੀ ਡੇਗਦੇ ਹਨ । ਅਜਿਹੀ ਵਿਨਾਸ਼ ਵਾਲੀ ਦਸ਼ਾ ਵਿੱਚ ਕੇਵਲ ਇਕੋ ਇਕ ਵਸੀਲਾ ਉੱਭਰਦਾ ਹੈ ਕਿ ਗੁਰਮਤਿ ਦੇ ਸੱਚੇ-ਸੁੱਚੇ ਗਿਆਨ ਦਾ ਪ੍ਰਚਾਰ ਹੋਵੇ, ਲੋਕਾਂ ਨੂੰ ਧਰਮ ਦੇ ਸ਼ੁੱਧ ਸਰੂਪ ਦੇ ਮੂਲ ਤੱਤਾਂ ਦੀ ਜਾਣਕਾਰੀ ਸਰਲ ਤੇ ਸੌਖੇ ਢੰਗ ਨਾਲ ਵੱਧ ਤੋਂ ਵੱਧ ਦਿੱਤੀ ਜਾਵੇ ।

ਗੁਰੂ ਗ੍ਰੰਥ ’ਤੇ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਨੂੰ ਸਮਰਪਤ ਹੋ ਕੇ ਗੁਰਮਤਿ ਪ੍ਰਚਾਰ ਕੇਂਦਰ ਹਰ ਇਲਾਕੇ ਵਿੱਚ ਸਥਾਪਿਤ ਕੀਤੇ ਜਾਣ । ਮਿਸ਼ਨਰੀ ਕਾਲਜਾਂ ਰਾਹੀਂ ਜਿੱਥੇ ਪ੍ਰਚਾਰਕਾਂ ਨੂੰ ਕਈ ਸਾਲ ਦੇ ਕੋਰਸ ਕਰਵਾ ਕੇ ਧਰਮ ਪ੍ਰਚਾਰ ਲਈ ਯਤਨ ਕੀਤੇ ਜਾ ਰਹੇ ਹਨ, ਉੱਥੇ ਪਹਿਲਾਂ ਤੋਂ ਸੇਵਾ ਕਰ ਰਹੇ ਗ੍ਰੰਥੀ ਤੇ ਕੀਰਤਨੀ ਸਿੰਘਾਂ ਦੀ ਟ੍ਰੇਨਿੰਗ ਦਾ ਪ੍ਰਬੰਧ ਗੁਰਮਤਿ ਕੈਂਪਾਂ ਤੇ ਕੋਰਸਾਂ ਰਾਹੀਂ ਹੋਣਾ ਚਾਹੀਦਾ ਹੈ, ਤਾਂ ਜੋ ਉਹ ਥੋੜ੍ਹੇ ਖ਼ਰਚੇ ’ਤੇ ਘੱਟ ਸਮੇਂ ਵਿੱਚ ਘਰ ਬੈਠਿਆਂ ਗੁਰਮਤਿ ਗਿਆਨ ਲੈ ਕੇ ਅੱਗੋਂ ਪ੍ਰਚਾਰ ਸਕਣ ।



ਪੰਜਾਬ ਵਿੱਚ ਕੇਵਲ 12673 ਪਿੰਡ ਹਨ, ਜਿਨ੍ਹਾਂ ਵਿੱਚ ਛੋਟੇ ਛੋਟੇ ਪਿੰਡ ਰਲਾ ਕੇ ਜਾਂ ਗੁਰੂ ਘਰਾਂ ਦੀ ਗਿਣਤੀ ਅਨੁਸਾਰ ਪੰਦਰਾਂ ਕੁ ਹਜ਼ਾਰ ਗ੍ਰੰਥੀ ਤੇ ਗੁਰਮਤਿ ਤੋਂ ਜਾਣੂ ਸਿੰਘਾਂ ਦੀ ਲੋੜ ਹੈ, ਵਿਸ਼ਵ-ਵਿਆਪੀ ਸਿੱਖੀ ਪ੍ਰਚਾਰ ਲਈ ਆਪੇ ਅੰਦਾਜ਼ਾ ਲਗਾਇਆ ਜਾ ਸਕਦਾ ਹੈ । ਹਰ ਪਿੰਡ ਵਿੱਚ ਘੱਟੋ ਘੱਟ ਇਕ ਪ੍ਰਚਾਰਕ ਸਿੰਘ ਗੁਰਮਤਿ ਤੋਂ ਜਾਣੂ ਜ਼ਰੂਰ ਹੋਵੇ ਜੋ ਸਾਰੀਆਂ ਗੁਰਮਤਿ ਜਾਂ ਸਿੱਖੀ ਰਹੁਰੀਤਾਂ ਜਾਣਦਾ ਹੋਵੇ, ਧਰਮ ਦੇ ਅਸਲੀ ਮੁਹਾਂਦਰੇ ਨੂੰ ਪਛਾਣਦਾ ਹੋਵੇ ਤੇ ਦੂਜਿਆਂ ਨੂੰ ਸਮਝਾ ਸਕਦਾ ਹੋਵੇ ।

ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ ਵਿੱਚ ਚੌਂਤਾ ਕਲਾਂ ਦਾ ਅੱਗੋਂ ਇਹ ਵੀ ਯਤਨ ਹੋਵੇਗਾ ਕਿ ਅਜਿਹੇ ਸੱਜਣਾਂ ਦੇ ਵੱਖੋ- ਵੱਖ ਥਾਵਾਂ ’ਤੇ ਗੁਰਮਤਿ ਟਰੇਨਿੰਗ ਕੈਂਪ ਤੇ ਵੀਚਾਰ ਸੰਮੇਲਨ ਕੀਤੇ ਜਾਇਆ ਕਰਨਗੇ ਤਾਂ ਕਿ ਪਰਸਪਰ ਵੀਚਾਰ ਰਾਹੀਂ ਉੱਚ ਵਿਦਵਾਨਾਂ ਦੀ ਕਲਾ ਕੌਸ਼ਲਤਾ ਦਾ ਲਾਭ ਤੇ ਅਨੰਦ ਵੀ ਮਾਣਿਆ ਜਾ ਸਕੇ ।ਇਹ ਕਾਰਜ ਮਹਾਨ ਵੀ ਹੈ ਤੇ ਕਠਨ ਵੀ, ਲਗਨ ਤੇ ਮਿਹਨਤ ਦਾ ਮੁਥਾਜ ਵੀ । ਇਸ ਲਈ ਮਹਾਨ ਗੁਰਮਤਿ ਸਾਧਕਾਂ, ਖੋਜੀਆਂ, ਲਾਇਬ੍ਰੇਰੀਆਂ, ਸਹਾਇਕ ਸੱਜਣਾਂ ਦੇ ਸਹਿਯੋਗ ਅਤੇ ਮਾਇਆ ਦੀ ਕਿੰਨੀ ਲੋੜ ਹੈ । ਇਸ ਦਾ ਅੰਦਾਜ਼ਾ ਲਗਾਉਣਾ ਔਖਾ ਹੀ ਹੈ । ਇਹ ਸੱਚ ਹੈ ਕਿ ਧਰਮ ਪੰਥ ਪ੍ਰੇਮੀ ਜਿੰਨੇ ਸਹਾਇਕ ਹੋਣਗੇ, ਉਤਨੀ ਹੀ ਸੰਸਥਾ ਸਾਰਥਕ ਤਰੀਕੇ ਨਾਲ ਧਰਮ ਪ੍ਰਚਾਰ ਜਾਂ ਗੁਰਮਤਿ ਗਿਆਨ ਦੇ ਪ੍ਰਚਾਰ-ਪਸਾਰ ਨੂੰ ਅੱਗੇ ਵਧਾ ਸਕੇਗੀ । ਜੇ ਇੰਵ ਹੋ ਜਾਵੇ ਤਾਂ ਗੁਰਮਤਿ ਵਿਦਿਆ ਦਾ ਕਾਰਜ ਭਰਪੂਰ ਢੰਗ ਨਾਲ ਹਰ ਪਿੰਡ, ਨਗਰ, ਸ਼ਹਿਰ ਵਿੱਚ ਨਿਰੰਤਰ ਚੱਲ ਸਕਦਾ ਹੈ ।

ਇਹ ਐਸਾ ਮਹਾਨ ਕਾਰਜ ਹੈ ਕਿ ਜਿਸ ਨਾਲ ਸਿੱਖੀ ਦੇ ਬੁੱਧੀਜੀਵੀ ਤੇ ਵਿਚਾਰਵਾਨ ਵਰਗ ਵਿੱਚ ਗੁਰੂ ਸ਼ਬਦ ਦੀ ਰੌਸ਼ਨੀ ਆ

ਜਾਣੀ ਹੈ, ਨਾਲ ਹੀ ਭਵਿੱਖ ਦੇ ਸਮਾਜ ਤੇ ਨੌਜਵਾਨ ਵਰਗ ਲਈ ਸਹੀ ਸੇਧ ਮਿਲੇਗੀ, ਸਾਡਾ ਭਵਿੱਖ ਹੋਰ ਉਜਲਾ ਹੋਵੇਗਾ । ਇਹ ਬਹੁਮੱਲਾ ਕਾਰਜ ਕਰਨ ਨਾਲ ਨਿੱਤ ਨਵੀਆਂ ਉੱਗ ਰਹੀਆਂ ਮਰਯਾਦਾਵਾਂ ਤੇ ਮਨਘੜਤ ਮਨੌਤਾਂ ਆਪੇ ਬੇਅਰਥ ਹੋ ਜਾਣਗੀਆਂ । ਖ਼ਾਲਸਾ ਪੰਥ ਦੇ ਵੱਧ ਤੋਂ ਵੱਧ ਹਿਤੈਸ਼ੀ ਜਨ, ਸੰਸਥਾਵਾਂ, ਪ੍ਰਸਿੱਧ ਹਸਤੀਆਂ ਜੇ ਇਸ ਕਾਰਜ ਵਿੱਚ ਮਿਲਵਰਤਨ ਦੇਣ ਤਾਂ ਸਦੀਆਂ ਦਾ ਕੰਮ ਕੁਝ ਵਰ੍ਹਿਆਂ ਵਿੱਚ ਨੇਪਰੇ ਚੜ੍ਹ ਸਕਦਾ ਹੈ ਜਿਸ ਦੇ ਹਰ ਪਹਿਲੂ ਤੋਂ ਦੇਖਿਆਂ ਖਾਲਸਾ ਪੰਥ ਲਈ ਇਹ ਪ੍ਰੋਗਰਾਮ ਲਾਹੇਵੰਦ ਸਾਬਤ ਹੋਵੇਗਾ ।

ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ ਇਹ ਲਾਹੇਵੰਦੀ ਸਿੱਖੀ ਪ੍ਰਚਾਰ ਦਾ ਕਾਰਜ 10 ਜੁਲਾਈ 1983 ਤੋਂ ਨਿਭਾਉਂਦਾ ਆ ਰਿਹਾ ਹੈ । ਸੈਂਕੜੇ ਗ੍ਰੰਥੀ, ਪ੍ਰਚਾਰਕ, ਕੀਰਤਨੀਏ ਇੱਥੋਂ ਗੁਰਮਤਿ ਵਿੱਦਿਆ ਪ੍ਰਾਪਤ ਕਰਕੇ ਪਿੰਡਾਂ-ਸ਼ਹਿਰਾਂ, ਦੇਸ਼ ਵਿਦੇਸ਼ ਵਿੱਚ ਧਰਮ ਪ੍ਰਚਾਰ ਦੀ ਸੇਵਾ ਬੜੀ ਲਗਨ ਨਾਲ ਕਰ ਰਹੇ ਹਨ । ਇਸ ਕਾਲਜ ਨੇ ਸੰਗਤ ਤੇ ਗੁਰੂ ਸਾਹਿਬ ਜੀ ਦੇ ਅਸੀਸ ਸਦਕਾ ਆਪਣਾ 30 ਸਾਲਾਂ ਦਾ ਸਫ਼ਰ ਤੈਅ ਕੀਤਾ ਹੈ, ਜਿਸ ਦੀ ਦਾਸ ਸਮੂਹ ਸਹਿਯੋਗੀਆਂ, ਪੰਥ ਦਰਦੀਆਂ ਨੂੰ ਵਧਾਈ ਦਿੰਦਾ ਹੈ ਤੇ ਆਸ ਕਰਦਾ ਹੈ ਕਿ ਆਪਣਾ ਮਿਹਰ ਭਰਿਆ ਹੱਥ ਹਮੇਸ਼ਾਂ ਸਾਡੇ ਸਿਰ 'ਤੇ ਰੱਖੋਗੇ ਤਾਂ ਕਿ ਭਵਿੱਖ ਵਿੱਚ ਵੀ ਸਰਬੱਤ ਦੇ ਭਲੇ ਲਈ ਸਰਬ ਸਾਂਝਾ ਉਪਦੇਸ਼ "**ਸਤਿਗੁਰ ਸਬਦਿ ਉਜਾਰੋ ਦੀਪਾ**" ਨੂੰ ਮਨੁੱਖੀ ਹਿਰਦੇ ਅੰਦਰ ਪ੍ਰਕਾਸ਼ਮਾਨ ਕਰਦੇ ਰਹੀਏ ।

ਪ੍ਰਿੰਸੀਪਲ ਬਲਜੀਤ ਸਿੰਘ
M: 94170-18531



## ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ ਅਪਾਹਿਜਾਂ, ਅਨਾਥਾਂ ਅਤੇ ਲਾਵਾਰਿਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਤਾਂ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਉਚਿਤ ਇਮਾਰਤ ਅਤੇ ਨਾ ਹੀ ਮਰੀਜ਼ਾਂ ਦੇ ਖਾਣ-ਪੀਣ ਜਾਂ ਦਵਾਈਆਂ ਲਈ ਕਿਸੇ ਤਰ੍ਹਾਂ ਦਾ ਮਾਲੀ ਪ੍ਰਬੰਧ ਜਾਂ ਪੈਸੇ ਦਾ ਬੰਦੋਬਸਤ ਸੀ। ਭਗਤ ਪੂਰਨ ਸਿੰਘ ਇਕੱਲੇ ਹੀ ਇਸ ਸੇਵਾ ਦੇ ਪੰਧ 'ਤੇ ਨਿਕਲੇ—ਲੋਕ ਨਾਲ ਜੁੜਦੇ ਗਏ ਕਾਰਵਾਂ ਬਣਦਾ ਗਿਆ । ਉਨ੍ਹਾਂ ਦੀ ਉਤਰਾਧਿਕਾਰੀ ਡਾ: ਇੰਦਰਜੀਤ ਕੌਰ ਦੀ ਅਣਥੱਕ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਵਿੱਚ ਪਿੰਗਲਵਾੜਾ ਸੰਸਥਾ ਨਾ-ਕੇਵਲ ਭਾਰਤ ਵਿੱਚ ਬਲਕਿ ਵਿਦੇਸ਼ਾਂ ਵਿੱਚ ਵੀ ਇਕ ਗੌਰਵਪੂਰਣ ਸੰਸਥਾ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਈ ਹੈ ।

### ਪਿੰਗਲਵਾੜਾ ਇਕ ਨਜ਼ਰ ...

**ਨਿਵਾਸ ਅਤੇ ਸੰਭਾਲ** :-1764 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ ।

**ਇਲਾਜ ਅਤੇ ਸਹੂਲਤਾਂ** :- *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਮੁੜ ਵਸੇਬਾ ਕੇਂਦਰ, *ਐਂਬੂਲੈਂਸ, *ਮਸਨੂਈ ਅੰਗ ਕੇਂਦਰ, *ਫਿਜ਼ਿਓਥਰੈਪੀ ਸੈਂਟਰ, *ਡੈਂਟਲ ਕਲੀਨਿਕ, *ਅੱਖਾਂ ਦਾ ਕਲੀਨਿਕ, *ਮੰਦ-ਬੁੱਧੀ ਬੱਚਿਆਂ ਲਈ ਸੰਵੇਦੀ ਕੇਂਦਰ,

*ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਨਰਵਾਸ ਕੇਂਦਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ *ਆਪਣਾ ਘਰ, * ਖੇਡਾਂ ਦੇ ਕਮਰੇ । * ਯੋਗ ਲੜਕੇ ਲੜਕੀਆਂ ਦੇ ਵਿਆਹ ।

**ਜਾਗਰੂਕਤਾ** :-* ਪ੍ਰਿੰਟਿੰਗ ਪ੍ਰੈਸ, * ਲਾਇਬ੍ਰੇਰੀ, * ਕਿਤਾਬਚੇ ਅਤੇ ਇਸ਼ਤਿਹਾਰ, * ਸੈਮੀਨਾਰ ਅਤੇ ਵਰਕਸ਼ਾਪ, * ਵਿਦੇਸ਼ੀ ਯਾਤਰਾਵਾਂ ।

**ਵਾਤਾਵਰਨ** : -*ਨਰਸਰੀ, *ਪਾਣੀ ਸਾਫ਼ ਕਰਨ ਵਾਲਾ ਪਲਾਂਟ, *ਦਰੱਖਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ, * ਅੰਮ੍ਰਿਤ ਵਾਟਿਕਾ।

## ਮੁਫ਼ਤ ਵਿਦਿਅਕ ਸਹੂਲਤਾਂ:

* ਭਗਤ ਪੂਰਨ ਸਿੰਘ ਆਦਰਸ਼ ਸੀਨੀ. ਸੈਕੰ: ਸਕੂਲ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਸਕੂਲ ਫਾਰ ਡੈੱਫ , ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਸਕੂਲ ਫਾਰ ਡੈੱਫ, ਕਟੌਰਾ ਫਿਰੋਜ਼ਪੁਰ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ ਮਾਨਾਂਵਾਲਾ ਕੰਪਲੈਕਸ,ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ , (ਪਲਸੋਰਾ) ਚੰਡੀਗੜ੍ਹ।
* ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ।



## ਨਿਵਾਸ ਅਤੇ ਸੰਭਾਲ :

ਪਿੰਗਲਵਾੜਾ ਸੰਸਥਾ ਦੀਆਂ 7 ਅਲੱਗ ਅਲੱਗ ਬ੍ਰਾਂਚਾਂ ਵਿਚ 1764* ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ।

**28 ਫ਼ਰਵਰੀ 2017 ਤਕ ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ** :

| | | | |
|---|---|---|---|
| ਮਾਨਸਿਕ ਰੋਗੀ | -396 | ਏਡਜ਼ ਵਾਲੇ | -18 |
| ਅਧਰੰਗ/ ਪੋਲੀਏ ਵਾਲੇ | -159 | ਮਿਰਗੀ ਵਾਲੇ | -208 |
| ਮੰਦ-ਬੁੱਧੀ ਵਾਲੇ | -378 | ਕੈਂਸਰ ਵਾਲੇ | -01 |
| ਗੁੰਗੇ ਬੋਲੇ | -157 | ਸ਼ੂਗਰ ਵਾਲੇ | -80 |
| ਬਜ਼ੁਰਗ | -146 | ਸਕੂਲ ਜਾਣ ਵਾਲੇ ਬੱਚੇ | -100 |
| ਜ਼ਖ਼ਮਾਂ ਵਾਲੇ | - 34 | ਛੱਡੇ ਗਏ ਬੱਚੇ | -07 |
| ਟੀ.ਬੀ. ਵਾਲੇ | - 17 | ਠੀਕ ਹੋ ਚੁੱਕੇ ਰੋਗੀ | -22 |
| ਨੇਤਰਹੀਣ | - 41 | **ਕੁੱਲ ਜੋੜ** | **1764** |

| **ਬ੍ਰਾਂਚਾਂ ਦਾ ਵੇਰਵਾ** : | **ਰੋਗੀ** |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 374 |
| 2. ਮਾਨਾਂਵਾਲਾ ਕੰਪਲੈਕਸ | 854 |
| 3. ਪੰਡੋਰੀ ਵੜੈਚ ਬ੍ਰਾਂਚ | 82 |
| 4. ਗੋਇੰਦਵਾਲ ਬ੍ਰਾਂਚ | 93 |
| 5. ਜਲੰਧਰ ਬ੍ਰਾਂਚ | 39 |
| 6. ਸੰਗਰੂਰ ਬ੍ਰਾਂਚ | 228 |
| 7. ਚੰਡੀਗੜ੍ਹ (ਪਲਸੋਰਾ) ਬ੍ਰਾਂਚ | 94 |
| **ਕੁੱਲ ਮਰੀਜ਼** | **1764** |

*ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਮਰੀਜ਼ ਕਾਫ਼ੀ ਗਿਣਤੀ ਵਿੱਚ ਘਰਾਂ ਨੂੰ ਭੇਜ ਦਿੱਤੇ ਜਾਂਦੇ ਹਨ ।

**ਇਲਾਜ ਅਤੇ ਸਹੂਲਤਾਂ :**

**(ੳ) ਡਿਸਪੈਂਸਰੀ ਅਤੇ ਲੈਬਾਰਟਰੀ** : ਮਰੀਜ਼ਾਂ ਦੇ ਇਲਾਜ ਲਈ ਪਿੰਗਲਵਾੜਾ ਸੰਸਥਾ ਵਿੱਚ ਡਿਸਪੈਂਸਰੀ ਅਤੇ ਲੈਬਾਰਟਰੀ ਦੀ ਸੁਵਿਧਾ ਮੁਹੱਈਆ ਕੀਤੀ ਗਈ ਹੈ, ਜਿਸ ਦਾ ਸਾਲਾਨਾ ਖ਼ਰਚ 90 ਲੱਖ ਰੁਪਏ ਹੈ ।

**(ਅ) ਸਹਾਇਕ ਸਟਾਫ਼** : ਮਾਨਸਿਕ ਰੋਗੀਆਂ ਅਤੇ ਮਰੀਜ਼ਾਂ ਦੀ ਦੇਖਭਾਲ ਲਈ ਟੈਕਨੀਕਲ ਸਟਾਫ਼ ਜਿਵੇਂ ਨਰਸਾਂ, ਫਾਰਮਾਸਿਸਟ, ਲੈਬਾਰਟਰੀ ਟੈਕਨੀਸ਼ਨ ਦੀ ਵਿਵਸਥਾ ਕੀਤੀ ਗਈ ਹੈ ।

**(ੲ) ਖ਼ੂਨ-ਦਾਨ ਕੈਂਪ** : ਦੁਰਘਟਨਾ-ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਘਾਟ ਨੂੰ ਪੂਰਾ ਕਰਨ ਲਈ ਹਰ ਸਾਲ ਭਗਤ ਜੀ ਦੀ ਬਰਸੀ 'ਤੇ ਖ਼ੂਨ-ਦਾਨ ਕੈਂਪ ਲਗਾਇਆ ਜਾਂਦਾ ਹੈ । ਸੰਨ 2016 ਵਿੱਚ ਭਗਤ ਜੀ ਦੀ ਬਰਸੀ 'ਤੇ ਲਗਾਏ ਗਏ ਖ਼ੂਨ ਦਾਨ ਕੈਂਪ ਵਿੱਚ 195 ਯੂਨਿਟ ਖ਼ੂਨ ਇਕੱਠਾ ਹੋਇਆ ।

**(ਸ) ਐਂਬੂਲੈਂਸ**:- ਮੁੱਢਲੀਆਂ ਡਾਕਟਰੀ ਸੁਵਿਧਾਵਾਂ ਨਾਲ ਲੈਸ ਐਂਬੂਲੈਂਸ, ਸੜਕ ਹਾਦਸਿਆਂ ਦੇ ਜ਼ਖ਼ਮੀਆਂ ਦੀ ਮਦਦ ਲਈ ਤੱਤਪਰ ਰਹਿੰਦੀ ਹੈ। ਸੰਸਥਾ ਦੀਆਂ ਐਂਬੂਲੈਂਸਾਂ ਮਰੀਜ਼ਾਂ ਨੂੰ ਹਸਪਤਾਲ ਲੈ ਜਾਣ ਦੀ ਸੁਵਿਧਾ ਦਿੰਦੀਆਂ ਹਨ ।

**(ਹ) ਬਣਾਵਟੀ ਅੰਗ ਕੇਂਦਰ** : ਲੋੜਵੰਦ ਅੰਗਹੀਣਾਂ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਭਗਤ ਜੀ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿੱਥੇ ਅੰਗਹੀਣਾਂ ਨੂੰ ਬਣਾਵਟੀ ਅੰਗ ਮੁਫ਼ਤ ਲਗਾਏ ਜਾਂਦੇ ਹਨ । ਨਵੰਬਰ 2003 ਤੋਂ ਹੁਣ ਤਕ 8137 ਲੋੜਵੰਦ ਲਾਭ ਉਠਾ ਚੁੱਕੇ ਹਨ ।



**(ਕ) ਓਪ੍ਰੇਸ਼ਨ ਥਿਏਟਰ**: ਹਰ ਤਰ੍ਹਾਂ ਦੇ ਓਪ੍ਰੇਸ਼ਨ ਕਰਨ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਅਤਿ ਆਧੁਨਿਕ ਓਪ੍ਰੇਸ਼ਨ ਥਿਏਟਰ ਦੀ ਸੁਵਿਧਾ ਹੈ।

**(ਖ)ਫਿਜ਼ਿਓਥਰੈਪੀ ਸੈਂਟਰ**: ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਸੈਂਟਰ ਸਥਾਪਿਤ ਕੀਤਾ ਗਿਆ ਹੈ ਜਿਸ ਵਿੱਚ ਆਧੁਨਿਕ ਉਪਕਰਣਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਲੋੜਵੰਦ ਮੁਫ਼ਤ ਫ਼ਾਇਦਾ ਲੈ ਰਹੇ ਹਨ। ਹਰ ਰੋਜ਼ ਤਕਰੀਬਨ 80 ਮਰੀਜ਼ਾਂ ਦਾ ਇਲਾਜ ਕੀਤਾ ਜਾਂਦਾ ਹੈ ।

**(ਗ) ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਨਰਵਾਸ ਕੇਂਦਰ**:- ਬੱਚਿਆਂ ਦੇ ਕੰਨਾਂ ਦੀ ਮੁੱਢਲੀ ਜਾਂਚ ਅਤੇ ਪੁਨਰਵਾਸ ਵਾਸਤੇ ਇਹ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿਚ Bera Test ( ਬੱਚਿਆਂ ਦੇ ਸੁਣਨ ਦਾ ਟੈਸਟ) ਮੁਫ਼ਤ ਕੀਤਾ ਜਾਂਦਾ ਹੈ ।

(ਘ) ਭਗਤ ਜੀ ਦੀ 24ਵੀਂ ਬਰਸੀ 'ਤੇ 31 ਜੁਲਾਈ 2016 ਨੂੰ 'Roko Cancer Charitable Trust, London' ਵੱਲੋਂ ਅਤੇ ਪਿੰਗਲਵਾੜਾ ਸੋਸਾਇਟੀ ਵੱਲੋਂ ਮੁਫ਼ਤ ਕੈਂਸਰ ਦਾ ਕੈਂਪ ਅਤੇ ਮੈਡੀਕਲ ਕੈਂਪ ਮਾਨਾਂਵਾਲਾ ਕੰਪਲੈਕਸ ਵਿਖੇ ਲਗਾਇਆ ਗਿਆ।

**ਵਾਤਾਵਰਨ :**

**(ੳ) ਰੁੱਖ ਲਾਉਣੇ**: ਭਗਤ ਪੂਰਨ ਸਿੰਘ ਜੀ ਵਾਤਾਵਰਨ ਦੀ ਸੰਭਾਲ ਸੰਬੰਧੀ ਬੜੇ ਚਿੰਤਤ ਰਹਿੰਦੇ ਸਨ । ਇਸ ਕਰਕੇ ਧਰਤੀ ਨੂੰ '**ਮਾਰੂਥਲ ਬਣਨ**' ਤੇ '**ਭੂ-ਖੋਰ**' ਤੋਂ ਬਚਾਉਣ ਲਈ ਪਿੰਗਲਵਾੜਾ ਸੰਸਥਾ ਵੱਲੋਂ ਵਾਤਾਵਰਨ ਦੇ ਸੁਧਾਰ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ। ਹਰ ਸਾਲ ਸੰਸਥਾ ਦੇ ਸੇਵਾਦਾਰਾਂ ਦੁਆਰਾ ਭਗਤ ਜੀ ਦੀ ਬਰਸੀ ਦੇ ਮੌਕੇ ਰੁੱਖ ਲਗਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ । ਇਹ ਰੁੱਖ ਸਕੂਲਾਂ,

ਕਾਲਜਾਂ, ਸ਼ਮਸ਼ਾਨ-ਘਾਟਾਂ ਅਤੇ ਹੋਰ ਜਨਤਕ ਥਾਵਾਂ 'ਤੇ ਲਗਾਏ ਜਾਂਦੇ ਹਨ। ਇਸ ਤੋਂ ਇਲਾਵਾ ਪਿੰਗਲਵਾੜਾ ਸੰਸਥਾ ਵੱਲੋਂ ਹਰ ਸਾਲ ਆਪਣੀ ਨਰਸਰੀ ਵਿੱਚ ਵੱਖ ਵੱਖ ਕਿਸਮਾਂ ਦੇ ਲਗਪਗ 60 ਹਜ਼ਾਰ ਬੂਟੇ ਤਿਆਰ ਕਰਕੇ ਵੱਖ ਵੱਖ ਸੰਸਥਾਵਾਂ ਨੂੰ ਮੁਫ਼ਤ ਭੇਜੇ ਜਾਂਦੇ ਹਨ ।

**ਮੁਫ਼ਤ ਵਿੱਦਿਅਕ ਸਹੂਲਤਾਂ :**

**(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀ: ਸੈਕੰ: ਸਕੂਲ ਮਾਨਾਂਵਾਲਾ:** ਇਸ ਸਕੂਲ ਵਿਚ ਗ਼ਰੀਬ ਅਤੇ ਝੁੱਗੀ ਝੌਂਪੜੀ ਵਾਲੇ 728 ਵਿਦਿਆਰਥੀਆਂ ਨੂੰ ਮੁਫ਼ਤ ਵਿੱਦਿਆ ਦਿੱਤੀ ਜਾ ਰਹੀ ਹੈ । ਸੰਸਥਾ ਦਾ ਇਹ ਖ਼ਾਸ ਉਪਰਾਲਾ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਤੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਸਮਾਜ ਵਿੱਚ ਵਿਚਰ ਸਕਣ। ਇਹਨਾਂ ਨੂੰ ਕਿਤਾਬਾਂ ਤੇ ਵਰਦੀਆਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ 92 ਬੱਚੇ ਪਿੰਗਲਵਾੜਾ ਸੰਸਥਾ ਵਿੱਚ ਪਲੇ ਹਨ ।

**(ਅ) ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ ਬੁੱਟਰ ਕਲਾਂ (ਕਾਦੀਆਂ):**

ਇਹ ਸਕੂਲ ਵੀ ਭਗਤ ਜੀ ਦੀ ਯਾਦ ਨੂੰ ਸਮਰਪਿਤ ਹੈ, ਜਿੱਥੇ ਯੋਗ ਅਤੇ ਸਿੱਖਿਅਤ ਅਧਿਆਪਕਾਂ ਦੀ ਅਗਵਾਈ ਵਿੱਚ ਲਗਪਗ 452 ਬੱਚੇ ਵਿੱਦਿਆ ਹਾਸਲ ਕਰ ਰਹੇ ਹਨ ।

**(ੲ) ਵਿਸ਼ੇਸ਼ ਸਿੱਖਿਆ** :- ਪਿੰਗਲਵਾੜੇ ਦੇ 217 ਮੰਦ-ਬੁੱਧੀ ਬੱਚਿਆਂ ਲਈ ਮਾਨਾਂਵਾਲਾ ਬ੍ਰਾਂਚ ਵਿਖੇ '**ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ**' ਦਾ ਪ੍ਰਬੰਧ ਉਹਨਾਂ ਦੀ ਬੁੱਧੀ ਵਿਕਸਤ ਕਰਨ ਲਈ ਕੀਤਾ ਗਿਆ ਹੈ।

**(ਸ) ਗੂੰਗੇ ਬੋਲੇ ਬੱਚਿਆਂ ਦੀ ਸਿੱਖਿਆ** : ਭਗਤ ਪੂਰਨ ਸਿੰਘ ਗੂੰਗੇ-ਬੋਲੇ



ਬੱਚਿਆਂ ਦਾ ਸਕੂਲ ਮਾਨਾਂਵਾਲਾ ਵਿਖੇ ਮਈ 2005 ਤੋਂ ਚੱਲ ਰਿਹਾ ਹੈ। ਇਸ ਵਿੱਚ 152 ਬੱਚੇ ਨਵੀਨ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

**(ਹ) ਕਿੱਤਾਕਾਰੀ ਸਿੱਖਿਆ**:- ਬੱਚਿਆਂ ਦੇ ਆਉਣ ਵਾਲੇ ਭਵਿੱਖ ਨੂੰ ਸਾਹਮਣੇ ਰੱਖਦੇ ਹੋਏ ਪਿੰਗਲਵਾੜਾ ਸੰਸਥਾ ਵੱਲੋਂ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਕਿੱਤਾਕਾਰੀ ਸਿੱਖਿਆ,(ਜਿਵੇਂ ਸਿਲਾਈ, ਕਢਾਈ, ਮੋਮਬੱਤੀਆਂ ਬਣਾਉਣ ਅਤੇ ਹੋਰ ਸਿੱਖਲਾਈ ਦੇ ਕੰਮ ਆਦਿ) ਟਰੇਂਡ ਕਿੱਤਾਕਾਰੀ ਅਧਿਆਪਕਾਂ ਵੱਲੋਂ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਬੱਚਿਆਂ ਨੂੰ ਸੰਗੀਤ ਦੀ ਵਿੱਦਿਆ ਲਈ ਯੋਗ ਅਧਿਆਪਕਾਂ ਦੀ ਅਗਵਾਈ ਪ੍ਰਾਪਤ ਹੈ ।

**(ਕ) ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ** : ਮਾਨਾਂਵਾਲਾ ਕੰਪਲੈਕਸ ਵਿਖੇ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਸਿਲਾਈ ਕਢਾਈ ਦਾ 6 ਮਹੀਨੇ ਦਾ ਕੋਰਸ ਕਰਵਾਇਆ ਜਾਂਦਾ ਹੈ । ਇਹ ਸੁਵਿਧਾ ਸਿਰਫ਼ ਪਿੰਗਲਵਾੜੇ ਦੇ ਬੱਚਿਆਂ ਲਈ ਹੀ ਨਹੀਂ ਬਲਕਿ ਮਾਨਾਂਵਾਲਾ ਦੇ ਆਸ-ਪਾਸ ਲੱਗਦੇ ਇਲਾਕਿਆਂ ਦੇ ਗ਼ਰੀਬ ਵਰਗ ਦੇ ਬੱਚੇ/ ਬੱਚੀਆਂ ਲਈ ਵੀ ਉਪਲਬਧ ਹੈ।

**(ਖ) ਕੰਪਿਊਟਰ ਸਿੱਖਿਆ**: ਸੂਚਨਾ ਅਤੇ ਟੈਕਨਾਲੋਜੀ ਦੇ ਪਸਾਰੇ ਨੂੰ ਮੁੱਖ ਰੱਖਦਿਆਂ ਪਿੰਗਲਵਾੜੇ ਦੇ ਬੱਚਿਆਂ ਨੂੰ ਆਧੁਨਿਕ ਸਮਾਜ ਦੇ ਹਾਣੀ ਬਣਾਉਣ ਲਈ ਕੰਪਿਊਟਰ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ ਹੈ ।

**ਹੋਸਟਲ ਦਾ ਪ੍ਰਬੰਧ** : ਮਾਨਾਂਵਾਲਾ ਵਿਖੇ ਪਿੰਗਲਵਾੜਾ ਸੰਸਥਾ ਵਿੱਚ ਪੜ੍ਹਨ ਵਾਲੇ ਲਗਪਗ 176 ਲੜਕੇ-ਲੜਕੀਆਂ ਵਾਸਤੇ ਅਲੱਗ-ਅਲੱਗ ਹੋਸਟਲ ਦਾ ਪ੍ਰਬੰਧ ਕੀਤਾ ਗਿਆ ਹੈ । ਪਿੰਗਲਵਾੜਾ ਦੀ ਸੰਗਰੂਰ ਬ੍ਰਾਂਚ ਦੇ ਹੋਸਟਲ ਵਿਚ ਰਹਿ ਰਹੀਆਂ 7 ਲੜਕੀਆਂ ਵੀ ਵੱਖ-ਵੱਖ

ਵਿੱਦਿਅਕ ਸੰਸਥਾਵਾਂ ਵਿੱਚ ਵਿੱਦਿਆ ਪ੍ਰਾਪਤ ਕਰ ਰਹੀਆਂ ਹਨ ।

**ਵਿਆਹ**: ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਪਿੰਗਲਵਾੜਾ ਵਿੱਚ ਪਲੀਆਂ ਨੌਜਵਾਨ ਲੜਕੀਆਂ ਲਈ ਢੁੱਕਵੇਂ ਯੋਗ ਵਰ ਲੱਭ ਕੇ ਉਹਨਾਂ ਨੂੰ ਗ੍ਰਿਸਥੀ ਜੀਵਨ ਵਿੱਚ ਪਾ ਦਿੱਤਾ ਜਾਂਦਾ ਹੈ । ਹੁਣ ਤਕ 40 ਲੜਕੀਆਂ ਤੇ 4 ਲੜਕਿਆਂ ਦੇ ਵਿਆਹ ਸੰਸਥਾ ਵੱਲੋਂ ਕੀਤੇ ਜਾ ਚੁੱਕੇ ਹਨ।

**ਸਮਾਜ-ਕਲਿਆਣ ਸੰਬੰਧੀ ਕੰਮ** : ਪਿੰਗਲਵਾੜੇ ਵੱਲੋਂ ਸਮਾਜ ਭਲਾਈ ਅਤੇ ਸਮਾਜ ਸੁਧਾਰ ਦੇ ਕੰਮਾਂ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ ।

**(ੳ) ਜਾਗ੍ਰਿਤੀ**: ਸਮਾਜਿਕ ਬੁਰਾਈਆਂ ਪ੍ਰਤੀ ਲੋਕਾਂ ਦੇ ਮਨਾਂ ਵਿੱਚ ਜਾਗ੍ਰਿਤੀ ਪੈਦਾ ਕਰਨ ਲਈ ਪਿੰਗਲਵਾੜੇ ਦਾ ਖ਼ਾਸ ਯੋਗਦਾਨ ਰਿਹਾ ਹੈ । ਅਜਿਹਾ ਯੋਗਦਾਨ ਪਿੰਗਲਵਾੜਾ ਵਿੱਚ ਸਥਾਪਿਤ **'ਪੂਰਨ ਪ੍ਰਿੰਟਿੰਗ ਪ੍ਰੈਸ'** ਵੱਖ-ਵੱਖ ਧਾਰਮਿਕ, ਸਮਾਜਿਕ, ਸਦਾਚਾਰਕ ਤੇ ਸਿਹਤ ਸੰਬੰਧੀ ਮੁੱਦਿਆਂ 'ਤੇ ਸਾਹਿਤ ਛਾਪ ਕੇ ਉਸ ਦੀ ਮੁਫ਼ਤ ਵੰਡਾਈ ਕਰ ਰਹੀ ਹੈ । ਪਿੰਗਲਵਾੜਾ ਪ੍ਰੈੱਸ ਅਤੇ ਪਬਲੀਸਿਟੀ ਦਾ ਕੁੱਲ ਸਾਲਾਨਾ ਖ਼ਰਚ 1 ਕਰੋੜ 50 ਲੱਖ ਰੁਪਏ ਹੈ ।

**(ਅ) ਪੀੜਿਤ ਲੋਕਾਂ ਦੀ ਮਦਦ**:- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੂਚਾਲ ਆਦਿ ਤੋਂ ਪ੍ਰਭਾਵਿਤ ਪੀੜਿਤਾਂ ਨੂੰ ਪਿੰਗਲਵਾੜਾ ਸੰਸਥਾ ਵੱਲੋਂ ਹਰ ਪ੍ਰਕਾਰ ਦੀ ਮਦਦ ਦੇਣ ਦੀ ਭਰਪੂਰ ਕੋਸ਼ਿਸ਼ ਕੀਤੀ ਜਾਂਦੀ ਹੈ । ਸੰਨ 2008 ਵਿੱਚ ਜੁਲਾਈ ਤੋਂ ਅਗਸਤ ਮਹੀਨੇ ਦੌਰਾਨ ਪੰਜਾਬ ਦੇ ਜਲੰਧਰ ਤੇ ਕਪੂਰਥਲਾ ਜ਼ਿਲ੍ਹਿਆਂ ਵਿੱਚ ਆਏ ਹੜ੍ਹਾਂ ਨਾਲ ਪੀੜਿਤ 800 ਪਰਿਵਾਰਾਂ ਲਈ ਰਾਸ਼ਨ, ਘਰੇਲੂ ਸਾਮਾਨ ਅਤੇ ਕੰਬਲ ਮੁਫ਼ਤ ਵੰਡੇ ਗਏ। ਸੰਨ 2010 ਵਿੱਚ, ਲਦਾਖ ਵਿੱਚ ਹੜ੍ਹ ਨਾਲ ਪੀੜਿਤ ਲੋਕਾਂ ਦੀ



2 ਟਰੱਕ ਰਸਦ, ਕੱਪੜੇ, ਰਜਾਈਆਂ ਅਤੇ ਕੰਬਲ ਲੈ ਕੇ ਲੇਹ ਗਏ ਅਤੇ ਪੀੜਿਤਾਂ ਦੇ ਘਰ-ਘਰ ਜਾ ਕੇ ਇਹ ਰਾਹਤ ਸਮੱਗਰੀ ਵੰਡੀ ਗਈ। ਅਕਤੂਬਰ 2014 ਵਿਚ ਜੰਮੂ ਕਸ਼ਮੀਰ ਵਿੱਚ ਹੜ੍ਹਾਂ ਨਾਲ ਪੀੜਿਤ ਲੋਕਾਂ ਲਈ ਪਿੰਗਲਵਾੜੇ ਵੱਲੋਂ ਦੋ ਟਰੱਕ ਰਸਦ, ਕੰਬਲ, ਗਰਮ ਕੱਪੜੇ ਆਦਿ ਸਮਾਨ ਭੇਜੇ ਗਏ ਜਿਨ੍ਹਾਂ ਨੂੰ ਘਰ ਘਰ ਜਾ ਕੇ ਵੰਡਿਆ ਗਿਆ ।

**(ੲ) ਲਾਵਾਰਸ ਲਾਸ਼ਾਂ ਦਾ ਸਸਕਾਰ**: ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਸਸਕਾਰ ਪੂਰੇ ਸਤਿਕਾਰ ਸਹਿਤ ਕੀਤਾ ਜਾਂਦਾ ਹੈ ।

**(ਸ) ਬਿਰਧਾਂ ਦੀ ਦੇਖਭਾਲ**: ਸੰਗਰੂਰ ਬ੍ਰਾਂਚ ਵਿੱਚ ਇਕ ਬਿਰਧ-ਘਰ ਮਾਰਚ 2002 ਤੋਂ ਚੱਲ ਰਿਹਾ ਹੈ ਅਤੇ ਇਕ ਬਿਰਧ ਘਰ ਮਾਨਾਂਵਾਲਾ ਕੰਪਲੈਕਸ ਵਿਖੇ ਚਲ ਰਿਹਾ ਹੈ, ਜਿਸ ਵਿੱਚ 92 ਬਿਰਧਾਂ ਦੇ ਰੱਖਣ ਦਾ ਯੋਗ ਪ੍ਰਬੰਧ ਕੀਤਾ ਗਿਆ ਹੈ ।

**(ਹ) ਅਜਾਇਬ-ਘਰ ਤੇ ਦਸਤਾਵੇਜ਼ੀ ਫ਼ਿਲਮਾਂ**: ਬਿਖ਼ਮ ਮਾਰਗ ਦੇ ਪਾਂਧੀ ਭਗਤ ਪੂਰਨ ਸਿੰਘ ਜੀ ਦੀਆਂ ਜੀਵਨ ਘਾਲਣਾਵਾਂ ਸੰਬੰਧੀ ਤਸਵੀਰਾਂ ਦਾ ਸੰਗ੍ਰਹਿ ਅਜਾਇਬ-ਘਰ ਦੇ ਰੂਪ ਵਿੱਚ ਮੁੱਖ ਦਫ਼ਤਰ ਪਿੰਗਲਵਾੜਾ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਹਨਾਂ ਦੇ ਜੀਵਨ ਨੂੰ ਦਰਸਾਉਂਦੀਆਂ ਹੋਈਆਂ ਕੁਝ ਦਸਤਾਵੇਜ਼ੀ ਫ਼ਿਲਮਾਂ ਵੀ ਵੱਖ-ਵੱਖ ਬੁੱਧੀਜੀਵੀਆਂ ਵੱਲੋਂ ਤਿਆਰ ਕਰਵਾਈਆਂ ਗਈਆਂ ਹਨ ਜਿਵੇਂ ਕਿ

(ੳ) 'ਇਕ ਮਿਸਾਲ', 'Pingalwara Presentation'

(ਅ) 'ਇਹ ਜਨਮ ਤੁਮ੍ਹਾਰੇ ਲੇਖੇ

(ੲ) Pingalwara Home for Homeless

(ਸ) ਮਸ਼ਹੂਰ ਅਮਰੀਕੀ ਮੀਡੀਆ ਸ਼ਖ਼ਸੀਅਤ ਗੁਰਮੀਤ ਸੋਢੀ ਦੀ ਫ਼ਿਲਮ—'Pingalwara — A selfless Home'

(ਹ) ਸ੍ਰ: ਜੋਗਿੰਦਰ ਸਿੰਘ 'ਕਲਸੀ' ਤੇ ਸ੍ਰ.ਜਸਬੀਰ ਸਿੰਘ 'ਹੰਸਪਾਲ' ਵੱਲੋਂ ਨਿਰਮਤ ਫ਼ਿਲਮ — 'A Selfless Life'

(ਕ) Pingalwara — Educational Endeavours
(ਖ) Natural Farming
(ਗ) ਪਾਣੀ ਦੀ ਸਮੱਸਿਆ
(ਘ) ਰੁੱਖ
(ਙ) ਭਗਤ ਪੂਰਨ ਸਿੰਘ ਜੀ ਦੇ ਜੀਵਨ 'ਤੇ ਅਧਾਰਿਤ ਫੀਚਰ ਫ਼ਿਲਮ **'ਇਹ ਜਨਮ ਤੁਮ੍ਹਾਰੇ ਲੇਖੇ'** 30 ਜਨਵਰੀ, 2015 ਨੂੰ ਦੇਸ਼ ਭਰ ਅਤੇ ਵਿਦੇਸ਼ਾਂ ਵਿੱਚ ਰਿਲੀਜ਼ ਹੋ ਚੁੱਕੀ ਹੈ । ਇਸ ਫ਼ਿਲਮ ਰਾਹੀਂ ਨਵੀਂ ਪੀੜ੍ਹੀ ਲਈ ਭਗਤ ਜੀ ਦੀ ਸਮਾਜ ਪ੍ਰਤੀ ਕੀਤੀ ਨਿਸ਼ਕਾਮ ਸੇਵਾ ਅਤੇ ਕੁਰਬਾਨੀ ਬਾਰੇ ਚਾਨਣਾ ਪਾਇਆ ਗਿਆ ਹੈ । ਇਸ ਫ਼ਿਲਮ ਨੂੰ ਦੇਸ਼ ਅਤੇ ਵਿਦੇਸ਼ਾਂ ਵਿੱਚ ਭਰਪੂਰ ਹੁੰਗਾਰਾ ਮਿਲਿਆ ਹੈ ।

ਪਿੰਗਲਵਾੜਾ ਪਰਿਵਾਰ ਦੇ ਬੱਚਿਆਂ ਵੱਲੋਂ ਗਾਇਨ ਕੀਤੀ 'ਗੁਰਬਾਣੀ ਕੀਰਤਨ' ਦੀ ਵੀਡੀਓ ਦੀ ਡੀ.ਵੀ.ਡੀ. ਡਾ.ਓਮ ਗੌਰੀ ਦੱਤ ਸ਼ਰਮਾ ਡਿਪਟੀ ਡਾਇਰੈਕਟਰ ਜਲੰਧਰ ਦੂਰ-ਦਰਸ਼ਨ ਦਵਾਰਾ ਮਿਤੀ 9-7-2016 ਨੂੰ ਰਿਲੀਜ ਕੀਤੀ ਗਈ।

**ਭਗਤ ਪੂਰਨ ਸਿੰਘ ਸਮਾਰਕ** :- ਪੂਜਨੀਕ ਭਗਤ ਪੂਰਨ ਸਿੰਘ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿਖੇ '*ਭਗਤ ਪੂਰਨ ਸਿੰਘ ਸਮਾਰਕ*' ਦਾ ਨਿਰਮਾਣ ਹੋ ਚੁੱਕਾ ਹੈ । ਇਹ ਸਮਾਰਕ ਉਨ੍ਹਾਂ ਦੀ ਪਹਿਲੀ ਜਨਮ ਸ਼ਤਾਬਦੀ ਜੋ ਕਿ 4 ਜੂਨ, 2004 ਨੂੰ ਮਨਾਈ ਗਈ ਸੀ, ਨੂੰ ਸਮਰਪਿਤ ਹੈ ।

**ਗਊਸ਼ਾਲਾ** : ਮਾਨਾਂਵਾਲਾ ਕੰਪਲੈਕਸ ਵਿੱਚ ਇਕ ਗਊਸ਼ਾਲਾ ਦਾ ਭੀ ਨਿਰਮਾਣ ਕੀਤਾ ਗਿਆ ਹੈ ਜਿਸ ਵਿੱਚ ਲਗਪਗ 120 ਦੁਧਾਰੂ ਪਸ਼ੂ ਹਨ, ਜਿਨ੍ਹਾਂ ਦੀ ਸੰਸਥਾ ਵੱਲੋਂ ਸੇਵਾ-ਸੰਭਾਲ ਹੋ ਰਹੀ ਹੈ । ਗਊਆਂ ਦਾ ਦੁੱਧ ਮਰੀਜ਼ਾਂ ਲਈ ਵਰਤਿਆ ਜਾਂਦਾ ਹੈ ।

ਪਿੰਗਲਵਾੜੇ ਦਾ ਰੋਜ਼ਾਨਾ ਖ਼ਰਚ **ਸਾਢੇ ਛੇ ਲੱਖ** ਰੁਪਏ ਤੋਂ ਵੱਧ ਹੈ ਜੋ ਕਿ ਸੰਗਤਾਂ ਦੇ ਸਹਿਯੋਗ ਅਤੇ ਭਗਤ ਪੂਰਨ ਸਿੰਘ ਜੀ ਦੀ ਦਿੱਤੀ ਸੇਧ



ਮੁਤਾਬਕ ਹੁੰਦਾ ਹੈ।

(I) ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, ਰਜਿਸਟਰਾਰ ਆਫ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰਬਰ 130 ਆਫ 1956-57 ਅਤੇ ਸੋਧ ਨੰਬਰ A-28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ ।

(II) ਪਿੰਗਲਵਾੜਾ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਨੂੰ ਇਨਕਮ ਟੈਕਸ ਦੇ ਸੈਕਸ਼ਨ 80-G ਅਨੁਸਾਰ ਇਨਕਮ ਟੈਕਸ-II ਅੰਮ੍ਰਿਤਸਰ ਪੱਤਰ ਸੰਖਿਆ ਨੰਬਰ CIT-II/ASR/ITO(Tech.) 2011-12/4730 ਮਿਤੀ 11/12 January, 2012. ਅਧੀਨ ਟੈਕਸ ਦੀ ਛੋਟ ਪ੍ਰਾਪਤ ਹੈ ।

ਪਿੰਗਲਵਾੜਾ ਸੰਸਥਾ ਦਾ PAN ਨੰਬਰ AAATA2237R ਹੈ।

ਪਿੰਗਲਵਾੜਾ ਦੇ FCRA (Foreign Contribution Regulation) Act. ਨੰਬਰ 115210002 ਹੈ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

**ਡਾ: ਇੰਦਰਜੀਤ ਕੌਰ, ਮੁੱਖ ਸੇਵਿਕਾ,**

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:),

ਅੰਮ੍ਰਿਤਸਰ ।

## DETAILS OF BANKS FOR SENDING DONATION THROUGH ONLINE/CHEQUE/DRAFT

**Cheques & Bank Drafts may be sent in favour of :**

### All India Pingalwara Charitable Society (Regd.) Amritsar.

**PAN CARD NO. AAATA2237R**

| S. No. | Name of Account | A/C No. | Name of the Bank | IFS Code For Inland Remittance | Swift Code For Foreign Inward Remittance |
|---|---|---|---|---|---|
| | **FOR FOREIGN DONORS** | | | | |
| 1. | All India Pingalwara Charitable Society (Regd.) | 01562010002890 | Oriental Bank of Commerce Sharif-pura | ORBC0100156 | ORBCINBBASR |
| | **FOR INLAND DONORS** | | | | |
| 2. | All India Pingalwara Charitable Society (Regd.) | 01562010003720 | Oriental Bank of Commerce Sharif-pura | ORBC0100156 | ........... |
| 3. | All India Pingalwara Charitable Society (Regd.) Amritsar. | 10978255668 | State Bank of India Town Hall, Amritsar | SBIN0000609 | SBINHBB274 |
| 4. | All India Pingalwara Charitable Society (Regd.) Amritsar. | 630510100026147 | Bank of India City Centre Amritsar | BKID0006305 | BKIDINBBASR |



| | | | | | |
|---|---|---|---|---|---|
| 5. | All India Pingalwara Charitable Society (Regd.) Amritsar. | 685010100009799 | Axis Bank Ltd. City Centre, Amritsar | UTIB0000685 | AXISINBB179 |
| 6. | All India Pingalwara Charitable Society (Regd.) Amritsar. | 0018002100097336 | Punjab National Bank Hall Bazar, Amritsar. | PUNB0001800 | PUNBINBBAHB |
| 7. | All India Pingalwara Charitable Society (Regd.) Amritsar. | 006601012522 | ICICI Bank Ltd. Lawrence Road, Amritsar | ICIC0000066 | ICICINBBFEX |
| 8. | All India Pingalwara Charitable Society (Regd.) Amritsar. | 01151000246510 | HDFC Bank Ltd. Mall Road, Amritsar | HDFC0000115 | HDFCINBB |
| 9. | All India Pingalwara Charitable Society (Regd.) Amritsar. | 13131000082013 | HDFC Bank Ltd. Ghanta Ghar Golden Temple Amritsar | HDFC0001313 | HDFCINBB |
| 10. | All India Pingalwara Charitable Society (Regd.) Amritsar. | 00011000096048 | Punjab & Sind Bank Hall Bazar, Amritsar | PSIB000A001 | PSIBINBB017 |
| 11. | All India Pingalwara Charitable Society (Regd.) Amritsar. | 01010100015572 | Bank of Baroda Town Hall, Amritsar | BARBOAMRITS | BARBINBBAMR |

# ਭਗਤ ਪੂਰਨ ਸਿੰਘ ਜੀ ਦੇ ਉਪਦੇਸ਼

* ਕੁਦਰਤੀ ਸੋਮਿਆਂ ਦੀ ਰੱਖਿਆ ਕਰੋ ।
* ਸਾਦਾ ਜੀਵਨ ਬਤੀਤ ਕਰੋ ।
* ਵੱਧ ਤੋਂ ਵੱਧ ਰੁੱਖ ਲਗਾ ਕੇ ਮਨੁੱਖਤਾ ਦਾ ਭਲਾ ਕਰੋ ।
* ਖਾਦੀ ਦਾ ਕੱਪੜਾ ਪਹਿਨ ਕੇ ਬੇਰੁਜ਼ਗਾਰੀ ਨੂੰ ਘਟਾਉਣ ਵਿੱਚ ਮਦਦ ਕਰੋ ।
* ਸਾਦਾ ਖਾਣਾ, ਸਾਦਾ ਪਾਉਣਾ ਤੇ ਸਾਦਗੀ ਵਿੱਚ ਰਹਿਣ ਦਾ ਅਨੰਦ ਹੀ ਵੱਖਰਾ ਹੈ ।
* ਡੀਜ਼ਲ ਤੇ ਪੈਟਰੋਲ ਦੀ ਘੱਟ ਤੋਂ ਘੱਟ ਵਰਤੋਂ ਕਰੋ ਅਤੇ ਵਧ ਰਹੀ ਆਬਾਦੀ ਨੂੰ ਠੱਲ੍ਹ ਪਾਉਣ ਲਈ ਸੰਜਮ-ਮਈ ਜੀਵਨ ਬਤੀਤ ਕਰੋ ।
* ਰੋ ਰਹੇ ਹਵਾ, ਪਾਣੀ ਅਤੇ ਧਰਤੀ ਮਾਤਾ ਦੀ ਪੁਕਾਰ ਸੁਣੋ । ਰੁੱਖ ਲਾਉਣੇ ਨਾ ਭੁੱਲੇ, ਰੁੱਖ ਦੇਸ਼ ਦੀ ਖ਼ੁਸ਼ਹਾਲੀ ਦਾ ਆਧਾਰ ਹਨ ।
* ਬਰਸਾਤ ਦੇ ਮੌਸਮ ਵਿੱਚ ਹਰ ਇਕ ਪ੍ਰਾਣੀ ਘੱਟੋ-ਘੱਟ ਇਕ ਰੁੱਖ ਜ਼ਰੂਰ ਲਗਾ ਕੇ ਮਾਨਵਤਾ ਦਾ ਭਲਾ ਕਰੇ।
* ਜਾਨਵਰਾਂ ਦੀ ਰੱਖਿਆ ਲਈ ਮਨੁੱਖ ਨੂੰ ਆਪਣੇ ਅੰਦਰ ਦਇਆਮਈ ਭਾਵਨਾ ਰੱਖਦਿਆਂ ਵੱਧ ਤੋਂ ਵੱਧ ਉਪਰਾਲੇ ਕਰਨੇ ਚਾਹੀਦੇ ਹਨ।



## ਦਾਨੀ ਸੱਜਣਾਂ ਲਈ ਭਗਤ ਜੀ ਦੀਆਂ ਅਸੀਸਾਂ

"ਵਾਹਿਗੁਰੂ ਆਪ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਗੁਰਸਿੱਖੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦੁਆਰੇ ਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਨ ਦਾ ਬਲ ਬਖ਼ਸ਼ੇ। ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢਣ ਦੀ ਆਦਤ ਪਾਵੇ । ਸਾਂਸ- ਸਾਂਸ ਵਾਹਿਗੁਰੂ ਦਾ ਨਾਮ ਸਿਮਰਨ ਦੀ ਆਦਤ ਪਾਵੇ । "

—ਭਗਤ ਪੂਰਨ ਸਿੰਘ ਸੰਸਥਾਪਕ ਪਿੰਗਲਵਾੜਾ, ਅੰਮ੍ਰਿਤਸਰ